

ਸੁਲਘਦੇ ਅਹਿਸਾਸ
ਗੁਰਦੀਪ ਸਿੰਘ ਦੀਪ
(ਭਾਟੀਆ)

# ਸੁਲਗਦੇ ਅਹਿਸਾਸ

( ਗ਼ਜ਼ਲ-ਸੰਗ੍ਰਿਹ )

ਗੁਰਦੀਪ ਸਿੰਘ "ਦੀਪ" (ਭਾਟੀਆ)

**ਕੀਮਤ**

**ਲਾਇਬ੍ਰੇਰੀਆਂ ਵਾਸਤੇ-150 ਰੁਪਏ**

**ਪਾਠਕਾਂ ਵਾਸਤੇ-75 ਰੁਪਏ**

**ਅਰਸ਼ਦੀਪ ਪ੍ਰਕਾਸ਼ਨ**

ਦਕੋਹਾ (ਜਲੰਧਰ)

SULAGDE AHISAS (GHAZALS)

**By - Gurdip Singh "Deep"(Bhatia)**
V. & P.O Jaite Wali (Jalandhar)
**94648 89046**
**E. mail: gurdeepbhatia86@yahoo.in**

**-ਸਭ ਹੱਕ ਲੇਖਕ ਦੇ ਪਾਸ ਰਾਖਵੇਂ ਹਨ**

# ਸੁਲਗਦੇ ਅਹਿਸਾਸ (ਗ਼ਜ਼ਲ-ਸੰਗ੍ਰਿਹ)

**ਲੇਖਕ ਗੁਰਦੀਪ ਸਿੰਘ ''ਦੀਪ'' (ਭਾਟੀਆ)**
ਪਿੰਡ ਤੇ ਡਾਕ. ਜੈਤੇ ਵਾਲੀ (ਜਲੰਧਰ)
**94648 89046**
**E. mail: gurdeepbhatia86@yahoo.in**

**ਸਰਵਰਕ ਸੁਖਵੰਤ ਚਿਤਰਕਾਰ**

**ਪਹਿਲੀ ਵਾਰ.1999 (ਇੱਕ ਹਜ਼ਾਰ)**

**ਕੀਮਤ**
ਲਾਇਬ੍ਰੇਰੀਆਂ ਵਾਸਤੇ.150 ਰੁਪਏ
ਪਾਠਕਾਂ ਵਾਸਤੇ.75 ਰੁਪਏ

ਟਾਈਪ ਸੈੱਟਿੰਗ - ਦੂਹੜਾ ਕੰਪਿਊਟਰਜ਼
ਪਿੰਡ ਤੇ ਡਾਕ. ਦੂਹੜੇ, ਜਿਲਾਂ ਜਲੰਧਰ-144302
98723-36944

ਪ੍ਰਿੰਟਰ. ਰਚਨਾ ਪ੍ਰਿੰਟਿੰਗ ਪ੍ਰੈਸ
ਮੰਡੀ ਰੋਡ,ਜਲੰਧਰ.

ਪ੍ਰਕਾਸ਼ਕ. ਅਰਸ਼ਦੀਪ ਪ੍ਰਕਾਸ਼ਨ,
421- ਦਕੋਹਾ (ਜਲੰਧਰ)

ਫੁੱਲ ਵਰਗੇ ਬੇਟੇ

# ਸੁਮੀਤ

ਅਤੇ

ਖ਼ੁਸ਼ਬੂ ਵਰਗੀ ਬੇਟੀ

# ਸੁਖਪ੍ਰੀਤ

ਦੇ ਨਾਮ

ਗੁਰਦੀਪ ਸਿੰਘ "ਦੀਪ"
(ਭਾਟੀਆ)

# ਤਤਕਰਾ


| ਓਨਵਾਨ | ਸਫ਼ਾ |
|---|---|
| ☛ ਗੁਰਦੀਪ ਸਿੰਘ ਦੀਪ ਦੀ ਗ਼ਜ਼ਲ ਕਲਾ | 7 |
| ☛ ਸੁਗਗਦੇ ਅਹਿਸਾਸ ਵਾਲਾ ਸ਼ਾਇਰ ਦੀਪ | 13 |
| ☛ ਲਟ ਲਟ ਜਗਦਾ ਗ਼ਜ਼ਲ-ਦੀਪ | 18 |
| ☛ ਮੇਰਾ ਯਾਰ ਗੁਰਦੀਪ ਭਾਟੀਆ "ਦੀਪ" | 21 |
| ☛ ਉਸਤਾਦ ਦੀ ਦੁਆ | 26 |
| ☛ ਦੀਪ ਤੁਹਡੇ ਹੱਥਾਂ ਚ ਹੈ | 27 |

| ਗ਼ਜ਼ਲ ਨੰ. | ਮਿਸਰਾ | ਸਫ਼ਾ |
|---|---|---|
| 1 | ਬੁਰਾ ਲੱਗਦਾ ਹੈ | 29 |
| 2 | ਜ਼ਰੂਰੀ ਤਾਂ ਨਹੀਂ | 30 |
| 3 | ਕਾਗ ਉਡਾਉਂਦੀ ਹੈ | 31 |
| 4 | ਕਰੀਬ ਕਹਿੰਦੇ ਨੇ | 32 |
| 5 | ਮੁਹੱਬਤ ਦਾ ਸਿਲਾ ਦੇਂਦੇ ਨੇ | 33 |
| 6 | ਕਾਗਜ਼ੀ | 34 |
| 7 | ਸਾਗਰ ਵੀ ਸੁਕਾ ਦੇਵੇ | 35 |
| 8 | ਚੱਲ ਕੇ ਆਈ ਪੀੜ | 36 |
| 9 | ਅਖ਼ਬਾਰ ਦੇਖੀਏ | 37 |
| 10 | ਯਾਰਾਂ ਦੇ ਨਾਲ ਰੱਖੀਏ | 38 |
| 11 | ਅਸਾਡਾ ਫ਼ੈਸਲਾ ਹੈ ਇਹ | 39 |
| 12 | ਸ਼ੋਰ ਉਚੇਰਾ ਹੈ | 41 |
| 13 | ਭੁੱਬਲ ਫੋਲ ਰਿਹੈ | 42 |
| 14 | ਮੁਕਾਮ ਚਾਹੁੰਦਾ ਹੈ | 43 |
| 15 | ਕੰਜੂਸ ਨਾ ਹੋਵੇ | 44 |

| ਗ਼ਜ਼ਲ ਨੰ. | ਮਿਸਰਾ | ਸਫ਼ਾ |
|---|---|---|
| 16 | ਫੁੱਲ ਉਗਾ ਕੇ ਦੇਖੀਏ | 45 |
| 17 | ਮਿੱਠੀਆਂ ਘੂਰੀਆਂ | 46 |
| 18 | ਸਿਰਨਾਵੇਂ | 47 |
| 19 | ਮੁਦਆ ਬਣਕੇ | 48 |
| 20 | ਦੇਖੇ ਕੌਣ | 49 |
| 21 | ਚਾਰ ਅੱਖਰ ਹੀ ਲਿਖੇ ਹਨ | 50 |
| 22 | ਕਰਾਰ ਕਰਦੇ ਨੇ | 51 |
| 23 | ਰੱਖੀਏ ਨਾ ਮੂੰਹ ਲੁਕੋ ਕੇ | 52 |
| 24 | ਦਿਲ ਜੋ ਰੰਗੇ | 53 |
| 25 | ਭਾਂਬੜ ਮਚਾ ਲਿਆ | 54 |
| 26 | ਖੰਡਰ ਲਗਦਾ ਹੈ | 55 |
| 27 | ਮੌਸਮ ਸਤਾ ਰਿਹੈ | 56 |
| 28 | ਖ਼ੁਸ਼ਬੋਈ ਖ਼ਿਆਲਾਂ ਦੀ | 57 |
| 29 | ਕੰਧਾਂ ਉਸਾਰੀਆਂ | 58 |
| 30 | ਰਹਿੰਦਾ ਦਿਸੇ ਨਾ ਨੱਕ ਵੀ | 59 |
| 31 | ਵਿਛਾ ਕੇ ਜਾਲ | 60 |
| 32 | ਭਾਲ ਰਖਦੇ ਨੇ | 61 |
| 33 | ਟਾਲ ਜਾਵੇਗਾ | 62 |
| 34 | ਦਿਲ ਦੀ ਬਾਤ ਕਹਿੰਦੀ ਏ | 63 |
| 35 | ਦਿਲ ਵਿਚ ਵਸਦੇ ਯਾਰਾ | 64 |
| 36 | ਇਸ਼ਾਰਿਆਂ ਉੱਤੇ | 65 |
| 37 | ਕੱਖ ਜਾਂ ਕਸੀਰ ਨੇ | 66 |
| 38 | ਬੇਆਸਰਾ ਹੋਏ | 67 |
| 39 | ਸ਼ੀਸ਼ਾ ਵਿਖਾ ਦਿਓ | 68 |
| 40 | ਸੋਨੇ ਦੀ ਡਲੀ ਨਾਲ | 69 |
| 41 | ਕਲਾਵਾ ਭਰ ਲਿਆ | 70 |
| 42 | ਬੇਕਾਰ ਨਹੀਂ ਹਾਂ | 71 |
| 43 | ਅਸੂਲੀ ਜੰਗਜੂ ਹੋਣਾ | 72 |
| 44 | ਸੀਨੇ ਨੂੰ ਚੀਰਦਾ | 73 |
| 45 | ਸ਼ਾਮਿਲ ਨਹੀਂ ਹੁੰਦਾ | 74 |
| 46 | ਮਸ਼ਾਲ ਨਹੀਂ | 75 |
| 47 | ਫੁੱਲ ਬਣਕੇ ਮੁਸਕਾਵਾਂਗਾ | 76 |
| 48 | ਨਿਹਾਰ ਕੇ | 77 |
| 49 | ਪਹਿਚਾਨਾਂ ਦਾ | 78 |

| ਗ਼ਜ਼ਲ ਨੰ. | ਮਿਸਰਾ | ਸਫ਼ਾ |
|---|---|---|
| 50 | ਆਉਣ ਏਧਰ ਇਸ ਕਦਰ | 79 |
| 51 | ਹਿਰਦੇ ਦੀ ਹਾਕ ਸਜਣ | 80 |
| 52 | ਜਾਨ ਕਲੱਬਾਂ ਦੀ | 81 |
| 53 | ਖੱਜਲ-ਖ਼ੁਆਰੀਆਂ | 82 |
| 54 | ਯਾਰ ਕਹਿੰਦੇ ਨੇ | 83 |
| 55 | ਮੈਨੂੰ ਭਟਕਾਇਆ | 84 |
| 56 | ਗੱਲ ਜ਼ਮੀਰਾਂ ਦੀ | 85 |
| 57 | ਜ਼ਖ਼ਮਾਂ ਦੀ ਖ਼ੁਸ਼ਬੋ | 86 |
| 58 | ਸਜਾਏ ਫੁੱਲ | 87 |
| 59 | ਰੋਗਣ ਹਸਦੇ ਨੇ | 88 |
| 60 | ਫ਼ਰਿਆਦ ਕਰਾਂ | 89 |
| 61 | ਟਲ ਜਾਏਂਗਾ ਤੂੰ ਵੀ | 90 |
| 62 | ਹਰ ਦਿਲ ਅੰਦਰ ਪੋਲ ਜਿਹੀ ਏ | 91 |
| 63 | ਮੈਂ ਵੀ ਵਣਜਾਰਾ ਹੋ ਜਾਵਾਂ | 92 |
| 64 | ਝਿਲਮਿਲ ਨੂੰ ਸਾਹਵੇਂ ਦੇਖਦਾਂ | 93 |
| 65 | ਮਨ ਨੂੰ ਮਾਰਿਆ ਨ ਗਿਆ | 94 |
| 66 | ਬੁੱਲ੍ਹਾਂ ਉੱਤੇ ਹਾਸਾ ਹੈ | 95 |
| 67 | ਗੀਤ ਪਲੇਠਾ ਮੋਇਆ ਹੈ | 96 |
| 68 | ਤਪਦੀ ਲੂ | 97 |
| 69 | ਪੱਬਾਂ ਦੇ ਭਾਰ ਆਉਣਾ ਸੀ | 98 |
| 70 | ਹੱਸ ਕੇ ਟਿੱਚਰ ਕਰ ਜਾਂਦੇ ਨੇ | 99 |
| 71 | ਠੇਡੇ ਖਾਂਦੀ ਜ਼ਿੰਗਦੀ | 100 |
| 72 | ਇਕਲਾਪੇ ਦਾ ਕਹਿਣਾ ਹੈ | 101 |
| 73 | ਕਦੇ ਕਦੇ | 102 |
| 74 | ਰਾਵਣ ਦੀ ਬਾਸ | 103 |
| 75 | ਮੇਰਾ ਪੁਛਦੇ ਨੇ ਹਾਲ | 104 |
| 76 | ਮਨ ਦਾ ਨਿਖਾਰ ਦੇਖ | 105 |
| 77 | ਖ਼ਰਮਸਤੀਆਂ | 106 |
| 78 | ਤੌਬਾ ਕਰ ਨਹੀਂ ਸਕਦਾ | 107 |
| 79 | ਖ਼ਸਾਰਾ ਹੋ ਨਹੀਂ ਸਕਦਾ | 108 |
| 80 | ਅੰਗ ਸੰਗ ਹੁੰਦੇ ਨੇ | 109 |
| 81 | ਨੀਅਤ ਖ਼ਰਾਬ ਹੈ ਅਜ ਕਲ | 110 |
| 82 | ਰਿਸ਼ਤਾ ਜੇ ਬਣਿਆ ਨ ਹੁੰਦਾ | 111 |
| 83 | ਕੁਝ ਸ਼ੇਅਰ | 112 |

## ਗੁਰਦੀਪ ਸਿੰਘ "ਦੀਪ" ਦੀ ਗ਼ਜ਼ਲ-ਕਲਾ

ਮੈਂ ਨੌਜਵਾਨ ਸ਼ਇਰ ਗੁਰਦੀਪ ਸਿੰਘ "ਦੀਪ" ਦੀਆਂ ਗ਼ਜ਼ਲਾਂ ਨੂੰ ਬੜੇ ਗਹੁ ਨਾਲ ਦੇਖਿਆ ਹੈ। ਇਨਾਂ ਗ਼ਜ਼ਲਾਂ ਨੇ ਮੈਨੂੰ ਬੇਹੱਦ ਪ੍ਰਭਾਵਤ ਕੀਤਾ ਹੈ। ਇਨਾਂ ਗ਼ਜ਼ਲਾਂ ਨੂੰ ਪੜ੍ਹਕੇ "ਫ਼ਰਾਕ-ਗੋਰਖਪੁਰੀ" ਦਾ ਇਹ ਸ਼ਿਅਰ ਮੇਰੀ ਦਿਲੀ ਕੈਫ਼ੀਅਤ ਨੂੰ ਪੂਰੀ ਤਰ੍ਹਾਂ ਬਿਆਨ ਕਰਦਾ ਹੈ-

ਤੁਮ ਮੁਖ਼ਾਤਿਬ ਭੀ ਹੋ, ਕਰੀਬ ਭੀ ਹੋ,
ਤੁਮ ਕੋ ਦੇਖੂੰ, ਯਾ ਤੁਮ ਸੇ ਬਾਤ ਕਰੂੰ ?

ਮੈਂ ਸੋਚਦਾ ਹਾਂ ਕਿ ਇਨ੍ਹਾਂ ਗ਼ਜ਼ਲਾਂ ਨੂੰ ਪੜ੍ਹਕੇ ਮੈਂ ਇਨ੍ਹਾਂ ਦਾ ਰਸ ਮਾਣਾਂ ਯਾ ਇਨ੍ਹਾਂ ਬਾਰੇ ਗੱਲ ਕਰਾਂ। ਦੀਪ ਦੇ ਸ਼ਿਅਰ ਮਸਤੀ ਦੇ ਲਬਰੇਜ਼ ਜਾਮ ਹਨ ਜੋ ਇੱਕ ਅਜੀਬ ਮਸਤੀ ਤੇ ਸਰਮਸਤੀ ਪ੍ਰਦਾਨ ਕਰਦੇ ਹਨ। ਉਸ ਦਾ ਆਪਣਾ ਸ਼ਿਅਰ ਹੀ ਇਸ ਕੈਫ਼ੀਅਤ ਨੂੰ ਬਿਆਨ ਕਰਦਾ ਹੈ।

ਖ਼ੁਸ਼ਬੂ ਆਉਂਦੀ ਹੈ ਮੁਹੱਬਤ ਦੀ ਹਰਿੱਕ ਅੱਖਰ ਚੋਂ,
ਇਸ ਇਬਾਰਤ ਲਈ ਉਨਵਾਨ ਜ਼ਰੂਰੀ ਤਾਂ ਨਹੀਂ।

ਕੁਝ ਹੋਰ ਸ਼ਿਅਰ ਵੇਖੋ-

ਕਿਉਂ ਪੀੜ ਪੀੜ ਕੂਕਦੇ ਅੱਥਰੂ ਵੀ ਹੱਸ ਪਏ,
ਕੱਢੀਆਂ ਕਿਸੇ ਦੀ ਯਾਦ ਨੇ ਜਦ ਕੁਤਕਤਾਰੀਆਂ।

ਕਿਉਂ ਨਾ ਕਿਸੇ ਸ਼ਿਕਾਰੀ ਨੂੰ ਹੋਵੇ ਤੇਰੀ ਤਲਾਸ਼,
ਖਿੰਡੀਆਂ ਨੇ ਦੂਰ ਦੂਰ ਤਕ ਮਹਿਕਾਂ ਕਸ਼ੂਰੀਆਂ।

ਜ਼ੁਬਾਨ ਦੀ ਲਤਾਫ਼ਤ, ਮੁਹਾਵਰੇ, ਰੋਜ਼-ਮੱਰਾ ਦੀ ਚਾਸ਼ਨੀ ਅਤੇ ਸਾਦਾ-ਬਿਆਨੀ ਦੇ ਕੁਝ ਸ਼ਿਅਰ ਦੇਖੋ-

ਉਸ ਨੂੰ ਕੰਡਾ ਵੀ ਚੁਭੇ, ਪਾਉਂਦੈ ਦੁਹਾਈ ਲੇਕਿਨ,
ਸਾਡਾ ਮਰਨਾ ਵੀ ਉਨ੍ਹੂੰ ਨਖ਼ਰਾ ਜਿਹਾ ਲੱਗਦਾ ਹੈ।

ਕੀਕਣ ਬੈਠਾਂਗਾ 'ਨ੍ਹੇਰੇ ਵਿਚ ਅੰਨਿਆਂ ਵਾਂਗ,
ਜੇਕਰ ਮਨ ਦਾ ਲੂੰ ਲੂੰ ਦੀਵੇ ਵਾਂਗ ਬਲੂ।

ਜਿਨ੍ਹਾਂ ਨੇ ਸ਼ੌਕ ਦੀ ਹਦ ਵੀ ਨਾ ਪਿੱਛੇ ਪਰਤ ਕੇ ਵੇਖੀ,
ਉਹ ਸਾਥੋਂ ਕੱਲ ਵੀ ਚੱਗੇ ਸਨ,ਉਹ ਸਾਥੋਂ ਅੱਜ ਵੀ ਚੱਗੇ ਨੇ।

ਕੋਈ ਵੇਖੇ ਨਾ ਵੇਖੇ, ਗ਼ਮ ਨਹੀਂ ਹੈ, ਤੇਰੇ ਫੱਕਰ ਤਾਂ,
ਜ਼ਮਾਨੇ ਭਰ 'ਚ ਚਿੱਟੀ ਚਾਨਣੀ ਦੇ ਵਾਂਗ ਨੰਗੇ ਹਨ।

ਲੰਘ ਚੱਲੇ ਹਾਂ ਆਪਾਂ ਤਾਂ ਖ਼ੁਸ਼ਬੋਈ ਵਾਂਗ,
ਆਖ ਲਵੇ ਜੋ ਇਸ ਦੁਨੀਆਂ ਨੇ ਕਹਿਣਾ ਹੈ।

ਦੀਪ ਦੇ ਬੇਸ਼-ਤਰ ਸ਼ਿਅਰ ਪਿਆਰ ਦੇ ਵਿਭਿੰਨ ਜਜ਼ਬਾਤ ਦੀ ਨਿਹਾਇਤ ਸਰਲ, ਸ਼ਿਗੁਫ਼ਤਾ ਤੇ ਮਨ-ਮੋਹਣੀ ਬੋਲੀ ਵਿਚ ਤਰਜ਼ਮਾਨੀ ਕਰਦੇ ਹਨ। ਪਾਠਕਾਂ ਦੀ ਦਿਲ-ਚਸਪੀ ਲਈ ਇੱਥੇ ਅਸੀਂ ਕੁਝ ਸ਼ਿਅਰ ਦਰਜ਼ ਕਰਦੇ ਹਾਂ-

ਉਨ੍ਹਾਂ ਦੀ ਸੋਚ ਵੀ ਅਪਣੀ, ਖ਼ਿਆਲ ਵੀ ਅਪਣੇ,
ਨ ਜਾਣੇ, ਸਾਨੂੰ ਉਹ ਕਿੱਧਰ ਸ਼ੁਮਾਰ ਕਰਦੇ ਨੇ।

ਲਿਖੇ ਤੂੰ ਪਿਆਰ ਦੇ ਅੱਖਰ ਜੋ ਦਿਲ ਤੇ,
ਨਹੀਂ ਮਿਟਣੇ, ਇਹ ਪੱਥਰ ਤੇ ਖ਼ੁਦੇ ਨੇ।

'ਕਰਾਰ ਕਰਕੇ ਵੀ ਉਹ ਕਦ 'ਕਰਾਰ ਕਰਦੇ ਨੇ ?
ਜ਼ਮਾਨੇ-ਸਾਜ਼ ਜ਼ਰੂਰਤ ਨੂੰ ਪਿਆਰ ਕਰਦੇ ਨੇ।

ਚੜ੍ਹਦੇ ਚੰਨ ਨੂੰ ਕੋਠੇ ਚੜ੍ਹ ਚੜ੍ਹ ਵੇਖਣ ਲੋਕ,
ਮੈਂ ਵੇਖਾਂਗਾ, ਜਦ ਕੋਠੇ ਤੇ ਚੰਨ ਚੜ੍ਹੂ।

ਇਹਨਾਂ ਸ਼ਿਅਰਾਂ ਦੀ ਸਾਦਗੀ ਤੇ ਰੋਚਕਤਾ ਵੀ ਕਾਬਿਲੇ ਤਾਰੀਫ਼ ਹੈ.

ਜੀਵਨ ਤਾਂ ਦਰਿਆ ਦਾ ਵਹਿੰਦਾ ਪਾਣੀ ਹੈ,
ਮੈਂ ਕੀਕਣ ਚੁਪ ਚਾਪ ਕਿਨਾਰਾ ਹੋ ਜਾਵਾਂ।

ਅਪਣੇ ਅਪਣੇ ਅੰਦਰ ਝਾਤੀ ਮਾਰੋ ਯਾਰ,
ਗੱਲੀਂ ਬਾਤੀਂ ਕੀਕਣ ਤੇ ਕਦ ਤੀਕ ਸਰੂ।

ਗੁਰਦੀਪ 'ਦੀਪ' ਦੇ ਹੇਠ ਲਿਖੇ ਸ਼ਿਅਰ ਵੀ ਗ਼ੌਰ-ਤਲਬ ਹਨ.

ਜੀਵਨ ਦੇ ਖ਼ਜ਼ਾਨੇ ਵਿਚ ਇਕ ਪੀੜ ਅਜੇਹੀ ਹੈ,
ਹੱਸਾਂ ਤਾਂ ਰੁਆ ਦੇਵੇ,ਰੋਵਾਂ ਤਾਂ ਹਸਾ ਦੇਵੇ।

ਇਉਂ 'ਦੀਪ' ਮਿਲੇ ਜੀਕਣ ਹੋਵੇ ਕੋਈ ਅਪਣਾ, ਪਰ
ਨਾ ਸਾਥੋਂ ਪਤਾ ਮੰਗੇ, ਨਾ ਅਪਣਾ ਪਤਾ ਦੇਵੇ।

ਉਸ ਕੋਲੋਂ ਕੋਈ ਜਦ ਵੀ ਇਉਂ ਪੁੱਛੇ ਕਿ ਜੀਵਨ ਕੀ ?
ਉਹ ਤੀਲ ਨੂੰ ਮਾਚਿਸ ਦੀ ਵੱਖੀ ਤੋਂ ਜਗਾ ਦੇਵੇ।

ਫ਼ਾਰਸੀ ਦਾ ਇਕ ਮਕੂਲਾ ਹੈ ਕਿ-

ਮੁਸ਼ਕ ਆਂ ਅਸਤ ਕਿ ਖ਼ੁਦ ਬਗੋਅਦ,
ਨਾ ਕਿ ਅੱਤਾਰ ਬਗੋਅਦ।

ਅਰਥਾਤ, ਕਸਤੂਰੀ ਉਹ ਹੈ ਜੋ ਅਪਣੇ ਆਪ (ਅਪਣੀ ਖ਼ੁਸ਼ਬੋਈ ਨਾਲ) ਦੂਜਿਆਂ ਨੂੰ ਦੱਸੇ

ਉਹ ਕਸਤੂਰੀ ਹੈ (ਨਾ ਕਿ ਵੇਚਣ ਵਾਲਾ) ਅੱਤਾਰ ਦੱਸੇ ਕਿ ਇਹ ਕਸਤੂਰੀ ਹੈ। ਇਸੇ ਲਈ ਅਸੀਂ ਕੇਵਲ ਜ਼ੁਬਾਨੀ ਕਲਾਮੀ ਹੀ ਸ਼ਾਇਰ ਦੀ ਤਾਰੀਫ਼ ਦੇ ਪੁਲ ਨਹੀਂ ਬੰਨ੍ਹਾਂਗੇ ਬਲਕਿ ਵਿਭਿੰਨ ਵਿਸ਼ਿਆਂ ਤੇ ਉਸ ਦੇ ਸ਼ਿਅਰ ਪਾਠਕਾਂ ਅੱਗੇ ਰੱਖਾਂਗੇ ਤਾਂ ਕਿ ਉਹ ਅਪਣੇ ਆਪ "ਦੀਪ" ਦੀ ਸ਼ਾਇਰੀ ਪ੍ਰਤੀ ਰਾਏ ਕਾਇਮ ਕਰ ਸਕਣ। ਜਿਵੇਂ-
ਉਸਤਾਦ "ਦਾਗ਼" ਦਿਹਲਵੀ ਦਾ ਸ਼ਿਅਰ ਹੈ।

ਸਾਕੀਆ, ਤਿਸ਼ਨਗੀ ਕੀ ਤਾਬ ਨਹੀਂ।
ਜ਼ਹਿਰ ਦੇ ਦੇ ਅਗਰ ਸ਼ਰਾਬ ਨਹੀਂ।

ਗੁਰਦੀਪ ਦਾ ਸ਼ਿਅਰ ਹੈ.

ਲੂੰ ਲੂੰ ਤੜਪ ਕੇ ਰਹਿ ਗਿਆ, ਸੁਣਿਆਂ ਜਦੋਂ ਮੈਂ ਇਹ,
ਭੁੱਖੇ ਨੇ ਸੇਬ ਸਮਝਕੇ ਅੰਗਿਆਰ ਖਾ ਲਿਆ।

ਦਾਗ਼ ਦੇ ਸ਼ਿਅਰ ਵਿਚ "ਪਿਆਸ" ਦੀ ਸ਼ਿੱਦਤ ਹੈ, ਦੀਪ ਦੇ ਸ਼ਿਅਰ ਵਿਚ ਭੁੱਖ ਦੀ ਸ਼ਿੱਦਤ ਹੈ। "ਦਾਗ਼" ਦਾ ਵਿਸ਼ਾ ਰਿਵਾਇਤੀ ਹੈ, ਦੀਪ ਦਾ ਮਜ਼ਮੂਨ ਨੈਚੁਰਲ ਤੇ ਆਮ ਗ਼ਰੀਬ ਆਦਮੀ ਦੀ ਅਜੋਕੀ ਸਮੱਸਿਆ ਨੂੰ ਦਰਸਾਂਦਾ ਹੈ, ਇਸ ਵਿਚ ਭੁੱਖ ਦੀ ਤੀਬਰਤਾ ਨੂੰ ਸਿਖ਼ਰ ਤੇ ਪੁਚਾ ਦਿੱਤਾ ਹੈ, ਜਿਸ ਨੂੰ ਪੜ੍ਹ ਕੇ ਦਰਦਮੰਦ ਦਿਲ ਹੀ ਨਹੀਂ, ਬਲਕਿ ਇਕ ਸਾਧਾਰਨ ਆਦਮੀ ਵੀ ਤੜਪ ਉੱਠਦਾ ਹੈ। ਦੀਪ ਦੇ ਸ਼ਿਅਰਾਂ ਦੀ ਇਹ "ਸ਼ਿੱਦਤ" ਹੀ ਉਸ ਨੂੰ ਦੂਜਿਆਂ ਸ਼ਾਇਰਾਂ ਨਾਲੋਂ ਮੁਮਤਾਜ਼ ਸਿੱਧ ਕਰਦੀ ਤੇ ਹੋਰ ਸ਼ਾਇਰਾਂ ਨਾਲੋਂ ਬਰਤਰੀ ਪਰਦਾਨ ਕਰਦੀ ਹੈ। ਕੁਝ ਹੋਰ ਸ਼ਿਅਰ ਪੇਸ਼ ਹਨ.

ਸਮੇਂ ਦੇ ਮਾਰਿਆਂ ਦੀ ਇਕ ਪਛਾਣ ਇਹ ਵੀ ਹੈ,
ਕਿਸੇ ਦੇ ਜ਼ੁਲਮ ਨੂੰ ਅਪਣਾ ਨਸੀਬ ਕਹਿੰਦੇ ਨੇ।

ਹੱਸੇ, ਰੋਵੇ, ਤੜਪੇ, ਝੂਰੇ ਰਹੇ ਉਦਾਸ,
ਇਕ ਮਜਬੂਰੀ ਕਿੰਨੇ ਰੰਗ ਵਿਖਾਉਂਦੀ ਏ।

ਜਜ਼ਬੇ ਦੀ ਸ਼ਿੱਦਤ ਵਾਲੇ ਗੁਰਦੀਪ ਦੇ ਕੁਝ ਹੋਰ ਸ਼ਿਅਰ ਵੀ ਦਰਜ਼ ਕੀਤੇ ਜਾਂਦੇ ਹਨ.

ਕੀਕਣ ਬੈਠਾਂਗਾ ਨ੍ਹੇਰੇ ਵਿਚ ਅੰਨ੍ਹਿਆਂ ਵਾਂਗ,
ਜੇਕਰ ਮਨ ਦਾ ਲੂੰ ਲੂੰ ਦੀਵੇ ਵਾਂਗ ਬਲ਼ੂ।

ਮਿਲਦੇ ਸੀ ਪਹਿਲਾਂ ਆਪ, ਮਗਰ ਭੇਜਦੇ ਨੇ ਹੁਣ,
ਹੰਝੂਆਂ ਦੇ ਨਾਲ ਭਿੱਜਿਆ ਪੱਤਰ ਕਦੇ ਕਦੇ।

ਜੇ ਸੜਦੇ ਆਲ੍ਹਣੇ ਹੀ, ਗ਼ਮ ਨ ਹੁੰਦਾ,
ਇਨ੍ਹਾਂ ਵਿਚ ਬੋਟ ਵੀ ਜੀਂਦੇ ਸੜੇ ਨੇ।

ਦੀਪ ਦੀਆਂ ਗ਼ਜ਼ਲਾਂ ਵਿਚ ਅੱਟਲ ਸਚਾਈਆਂ, ਉੱਚ ਵਿਚਾਰ ਤੇ ਉਸਾਰੂ ਸੋਚ ਦੇ ਸ਼ਿਅਰ ਵੀ ਬਹੁ-ਗਿਣਤੀ ਵਿਚ ਮਿਲਦੇ ਹਨ। ਕੁਝ ਸ਼ਿਅਰ ਬਤੌਰ ਨੂਮਨਾ ਪੇਸ਼ ਕੀਤੇ ਜਾਂਦੇ ਹਨ

ਜੋ ਬੇ-ਮਿਸਾਲ ਸੀ, ਉਹ ਬਾ-ਮਿਸਾਲ ਹੈ ਅਜ ਕੱਲ,
ਸਮੇਂ ਦੇ ਸਾਹਮਣੇ ਕੋਈ ਵੀ ਬੇ-ਮਿਸਾਲ ਨਹੀਂ।

ਸਫ਼ਰ ਦੌਰਾਨ ਕੁਝ ਪਲ ਦਾ ਪੜਾਅ, ਕਿਧਰੇ ਵੀ ਹੋ ਸਕਦੈ,
ਮਗਰ ਕੋਈ ਪੜਾਅ ਰਾਹੀ ਲਈ ਮੰਜ਼ਿਲ ਨਹੀਂ ਹੁੰਦਾ।

ਉਹ ਮੁਨਸਿਫ਼ ਹੈ, ਮਗਰ ਸਰਕਾਰ ਦੀ ਤਨਖਾਹ ਤੇ ਪਲਦਾ ਹੈ,
ਕਿਵੇਂ ਨਾ ਸੋਚਣੀ ਉਸ ਦੀ ਤੇ ਹੱਕ ਸਰਕਾਰ ਦਾ ਹੋਏ।

ਵਿਲਕਦੀ ਜ਼ਿੰਦਗੀ ਵੇਖੇ ਤਾਂ ਕੌਣ ਵੇਖੇ "ਦੀਪ",
ਨਿਗ੍ਹਾ ਹੈ ਆਦਮੀ ਦੀ ਚੰਨ ਤਾਰਿਆਂ ਉੱਤੇ।

ਆਪਣੀ ਦੁਨੀਆਂ 'ਚ ਖ਼ਬਰੇ ਕੌਣ ਕੀਕਣ ਜੀ ਰਿਹੈ,
ਚਿਹਰਿਆਂ ਤੋਂ ਹਾਸਿਆਂ ਦੇ ਘੁੰਡ ਚਾ ਕੇ ਦੇਖੀਏ।

ਕਦੋਂ ਪਰਵਾਹ ਹੈ ਕੀਤੀ ਸਿਰ ਦੀ ਉਸ ਨੇ,
ਨਿਸ਼ਾਨੇ ਜੀਣ ਦੇ ਜਿਸ ਨੇ ਮਿਥੇ ਨੇ।

ਜੀਵਨ ਦੀ ਹਰ ਝੁਰੜੀ ਜੀਕਣ,
ਜੀਵਨ ਦੀ ਪੜਚੋਲ ਜਿਹੀ ਹੈ।

ਅਗਰ ਆਈ ਤੇ ਆ ਜਾਵੇ ਤਾਂ ਅੰਬਰ ਲਾਹ ਲਵੇ ਥੱਲੇ,
ਬੜੀ ਤਾਕਤ ਹੈ ਬੰਦੇ ਵਿਚ, ਭਲਾ ਕੀ ਕਰ ਨਹੀਂ ਸਕਦਾ ?

ਕੋਈ ਕੀ ਨਿਰਨਾ ਕਰੇ "ਦੀਪ" ਖਰੇ ਖੋਟੇ ਦਾ,
ਕੰਮ ਆਉਂਦਾ ਹੋਇਆ ਖੋਟਾ ਵੀ ਖਰਾ ਲਗਦਾ ਹੈ।

ਦਾਅਵਤ ਉਨ੍ਹਾਂ ਨੇ ਹੋਣੀ ਨੂੰ ਦਿੱਤੀ ਹੈ ਆਪ ਹੀ,
ਸੋਚੇ ਬਿਨ੍ਹਾਂ ਹੀ ਜਿਹਨਾਂ ਨੇ ਸਾਂਝਾਂ ਨਕਾਰੀਆਂ।

ਗੁਰਦੀਪ ਦੇ ਕਲਾਮ ਵਿਚ ਐਸੇ ਸ਼ਿਅਰਾਂ ਦੀ ਬੜੀ ਤੈਦਾਦ ਹੈ ਜਿਨ੍ਹਾਂ ਦੀ ਉੱਚ ਖ਼ਿਆਲੀ ਤੇ ਜਾਦੂ-ਬਿਆਨੀ ਕਾਬਿਲੇ ਤਾਰੀਫ਼ ਹੈ। ਕੁਝ ਸ਼ਿਅਰ ਦੇਖੋ.

"ਦੀਪ" ਮਿੱਟੀ ਦੇ ਭਾਅ ਮਿਲੇ ਦੀਵੇ,
ਮੁੱਲ ਚਾਨਣ ਦਾ ਤਾਰਿਆ ਨ ਗਿਆ।

ਕਹਾਂ ਜੇ ਝੂਠ ਤਾਂ ਬਿਦ ਬਿਦ ਕੇ ਲੋਕ ਹਸਦੇ ਹਨ,
ਜੇ ਆਖਾਂ ਸੱਚ ਤਾਂ ਬੰਦਾ ਅਜੀਬ ਕਹਿੰਦੇ ਨੇ।

ਨਕਾਰੀ ਸੋਚ ਜੇ ਹਾਵੀ ਨਹੀਂ ਮਨ ਤੇ ਤਾਂ ਸੱਚ ਜਾਣੋਂ
ਨਕਾਰੇ ਤੋਂ ਨਕਾਰਾ ਵੀ ਨਕਾਰਾ ਹੋ ਨਹੀਂ ਸਕਦਾ।

ਜੇ ਹੋਵੇ ਹੌਂਸਲਾ ਬੰਦੇ 'ਚ ਪਰਬਤ ਚੀਰ ਸਕਦਾ ਹੈ,
ਨਹੀਂ ਤਾਂ ਇੱਕ ਕਦਮ ਵੀ ਪੈਰ ਅੱਗੇ ਧੈਰ ਨਹੀਂ ਸਕਦਾ।

ਹੇਠ ਲਿਖੇ ਸ਼ਿਅਰਾਂ ਦੀ ਵੀ ਅਪਣੀ ਹੀ ਸ਼ਾਨ ਹੈ-

ਅਜ ਕਲ ਤਾਂ ਏਸ ਯੁੱਗ ਦਾ ਏਹੋ ਅਸੂਲ ਹੈ,
ਚਿਹਰਾ ਕਦੇ ਨ ਦੇਖੀਏ, ਦਸਤਾਰ ਦੇਖੀਏ।

ਨਾ ਖ਼ੂਨ ਦਾ ਦਾਅਵਾ ਹੈ, ਨਾ ਜ਼ਾਤ ਦਾ ਰੌਲਾ ਹੈ,
ਇੱਕ ਵਖਰੀ ਸਕੀਰੀ ਹੈ ਦੁਖ ਸੁਖ ਦੇ ਭਿਆਲਾਂ ਦੀ।

ਕਿਸੇ ਕੰਡੇ ਨੇ ਚੁਭ ਕੇ, ਇਉਂ ਕਿਹਾ ਫੁੱਲ ਤੋੜਦੇ ਹੱਥ ਨੂੰ,
ਅਸਾਡੀ ਰੂਹ ਤਾਂ ਇੱਕੋ ਹੈ ਜੇ ਵੱਖੋ ਵੱਖ ਮੁੜੰਗੇ ਨੇ।

ਹੁਣ ਅਸੀਂ ਗੁਰਦੀਪ "ਦੀਪ" ਦੇ ਉਹ ਸ਼ਿਅਰ (ਬਤੌਰ ਨਮੂਨਾ) ਪਾਠਕਾਂ ਸਾਹਮਣੇ ਰੱਖਾਂਗੇ ਜੋ ਉਸ ਨੂੰ ਮੁਮਤਾਜ ਸਿੱਧ ਕਰਦੇ ਤੇ ਦੂਜਿਆਂ ਸ਼ਾਇਰਾਂ ਦੇ ਮੁਕਾਬਲੇ ਉਚੇਰਾ ਮਰਤਬਾ ਪਰਦਾਨ ਕਰਦੇ ਨੇ।

ਬੰਦਿਆਂ ਨੇ ਚਾਹੇ ਆਪ ਹੀ ਕੰਧਾਂ ਉਸਾਰੀਆਂ।
ਕੁਦਰਤ ਨੇ ਫਿਰ ਵੀ ਢੋਈਆਂ ਨਾ ਬੂਹੇ ਤੇ ਬਾਰੀਆਂ।

ਕਿਸੇ ਸਾਜਿਸ਼ ਦਾ ਹਿੱਸਾ ਜਾਪਦੇ ਹਨ,
ਜੋ ਬੱਦਲ ਮਾਰੂਥਲ ਤੇ ਲਿਸ਼ਕਦੇ ਨੇ।

ਖੰਡਰਾਂ ਦੇ ਕੋਲ ਕੋਈ ਫੁੱਲ ਉਗਾ ਕੇ ਦੇਖੀਏ।
ਮੌਤ ਨੂੰ ਵੀ ਜ਼ਿਦਗੀ ਦੇ ਭਾਗ ਲਾ ਕੇ ਦੇਖੀਏ।

ਖਿੜੇ ਗ਼ਸ਼ਲਨ 'ਚ ਜ਼ੋਰਾਵਰ ਕਿਵੇਂ ਕਮਜ਼ੋਰ ਹੈ, ਦੇਖੋ!
ਕਿ ਖ਼ੁਸ਼ਬੂ ਕੋਲ ਹੁੰਦਿਆਂ ਵੀ, ਕਲਾਵਾ ਭਰ ਨਹੀਂ ਸਕਦਾ।

ਰਹਿੰਦੇ ਨਹੀਂ ਹਰੇ ਜਿਵੇਂ ਜੜ੍ਹ ਤੋਂ ਬਿਨਾਂ ਦਰਖਤ,
ਕੌਮਾ ਵੀ ਜਿਊਂਦੀਆਂ ਨਹੀਂ ਵਿਰਸਾ ਵਿਸਾਰ ਕੇ।

ਜੇ ਸਾਡੀ ਸੋਚ ਹੋਰਾਂ ਵਾਸਤੇ ਕੰਜੂਸ ਨਾ ਹੋਵੇ।
ਤਾਂ ਹਰ ਚਿਹਰਾ ਭਲਾ ਲੱਗੇ, ਕੋਈ ਮਨਹੂਸ ਨਾ ਹੋਵੇ।

ਬੜੇ ਮੌਕੇ ਨੇ ਬੰਦੇ ਨੂੰ ਤਰੱਕੀ ਵਾਸਤੇ ਐ ਦਿਲ !
ਮਗਰ ਹੈ ਸ਼ਰਤ ਬੱਸ ਏਨੀ ਕਿ ਉਹ ਮਾਯੂਸ ਨਾ ਹੋਵੇ।

ਉਪਰੋਕਤ ਗ਼ਜ਼ਲਾਂ ਨੂੰ ਪੜ੍ਹਕੇ ਇਹ ਗੱਲ ਸਹਿਜੇ ਹੀ ਸਪਸ਼ਟ ਹੋ ਜਾਂਦੀ ਹੈ ਕਿ ਗੁਰਦੀਪ ਦੀ ਜ਼ੁਬਾਨ ਨਿਹਾਇਤ ਸਰਲ, ਸ਼ਿਗੁਫ਼ਤਾ ਤੇ ਆਮ ਬੋਲ ਚਾਲ ਦੀ ਚਟ ਖਾਰੇਦਾਰ ਜ਼ੁਬਾਨ ਹੈ ਜਿਸ ਤੇ ਚੜ੍ਹੀ ਦੁਆਬੇ ਦੀ ਨ੍ਹਿੰਮੀ ਨ੍ਹਿੰਮੀ ਪਾਣ ਉਸ ਨੂੰ ਹੋਰ ਵੀ ਸਵਾਦਲਾ ਤੇ ਪੁਰ-ਅਸਰ ਬਣਾਉਣ ਵਿਚ ਸਹਾਈ ਹੋਈ ਹੈ। ਗੁਰਦੀਪ ਬੁਨਿਆਦੀ ਤੌਰ ਤੇ ਮੁਹੱਬਤ ਦਾ ਸ਼ਾਇਰ ਤੇ ਮਾਨਵਤਾ ਦਾ ਪੁਜਾਰੀ ਹੈ। ਉਸ ਨੇ ਨਾ ਕੇਵਲ

ਪਿਆਰ ਮੁਹੱਬਤ ਦੇ ਵੱਖ ਵੱਖ ਜਜ਼ਬਿਆਂ ਨੂੰ ਨਿਹਾਇਤ ਦਿਲਕਸ਼ ਤੇ ਰਸੀਲੇ ਢੰਗ ਨਾਲ ਚਿਤਰਿਆ ਹੈ,ਬਲ ਕਿ ਉਸ ਦੇ ਕਲਾਮ ਵਿਚ ਬੁਲੰਦ ਖ਼ਿਆਲੀ, ਉਸਾਰੂ ਸੋਚ ਦੇ ਜਜ਼ਬਾਤ ਨੂੰ ਵੀ ਨਿਹਾਇਤ ਕਰੀਨੇ ਨਾਲ ਤਗ਼ੱਜ਼ੁਲ ਦੇ ਮਖ਼ਸੂਸ ਅੰਦਾਜ਼ ਵਿਚ ਪੇਸ਼ ਕੀਤਾ ਗਿਆ ਹੈ ਜਿਨ੍ਹਾਂ ਦੀ ਮੌਲਕਤਾ ਤੇ ਵਿਲੱਖਣਤਾ ਅਤੇ ਅੰਦਾਜ਼ੇ-ਬਿਆਨ ਦੀ ਤਾਰੀਫ਼ ਕੀਤਿਆਂ ਹੀ ਬਣਦੀ ਹੈ।ਇਸ ਤੋਂ ਇਲਾਵਾ, ਦੀਪ ਨੇ ਜੀਵਨ ਦੀਆਂ ਠੋਸ ਹਕੀਕਤਾਂ ਅਜੋਕੇ ਇਨਸਾਨ ਦੀਆਂ ਮਜਬੂਰੀਆਂ, ਆਰਥਕ ਮੰਦਹਾਲੀ ਤੇ ਰਾਜਨੀਤਕ ਹਲਕਿਆਂ ਵਿਚ ਦਿਨ-ਬ-ਦਿਨ ਵਧ ਰਹੇ ਭਰਿਸ਼ਟਾਚਾਰ, ਦਿਮਾਗੀ ਉਲਝਣਾਂ ਤੇ ਪ੍ਰੇਸ਼ਾਨੀਆਂ ਦਾ ਜ਼ਿਕਰ ਵੀ ਕੀਤਾ ਹੈ ਅਤੇ ਅਜੋਕੇ ਟੁੱਟ-ਭੱਜ ਰਹੇ ਮਾਨਵੀ ਰਿਸ਼ਤੇ ਨਾਤੇ ਤੇ ਤਿੜਕ ਰਹੀਆਂ ਆਪਸੀ ਸਾਂਝਾਂ ਆਦਿ ਨੂੰ ਵੀ ਦੀਪ ਨੇ ਨਿਹਾਇਤ ਕਲਾਮਈ ਢੰਗ ਨਾਲ ਦਰਸਾਇਆ ਹੈ।

ਗੁਰਦੀਪ ਨੂੰ ਭਾਸ਼ਾ ਤੇ ਅਧਿਕਾਰ ਪ੍ਰਾਪਤ ਹੈ।ਉਹ ਆਪਣੀ ਗੱਲ ਨੂੰ ਢੁਕਵੇਂ ਸ਼ਬਦਾਂ ਵਿਚ, ਨਿਹਾਇਤ ਸਰਲ ਤੇ ਸ਼ਿਗੁਫ਼ਤਾ ਢੰਗ ਨਾਲ ਪੇਸ਼ ਕਰਦਾ ਹੈ।ਜਿੱਥੇ ਉਸ ਨੂੰ ਮਾਮੂਲੀ ਗੱਲ ਨੂੰ ਦਿਲਕਸ਼ ਅੰਦਾਜ਼ ਵਿਚ ਬਿਆਨ ਕਰਨ ਦਾ ਢੱਬ ਆਉਂਦਾ ਹੈ ਉੱਥੇ ਉਹ ਗੰਭੀਰ ਤੇ ਉੱਚ-ਕੋਟੀ ਦੇ ਵਿਚਾਰਾਂ ਨੂੰ ਸਰਲਤਾ ਤੇ ਮਨਮੋਹਣੇ ਢੰਗ ਨਾਲ ਬਿਆਨ ਕਰਨ ਦਾ ਹੁਨਰ ਵੀ ਜਾਣਦਾ ਹੈ।ਉਸ ਦੇ ਵਿਚਾਰ,ਦੁਆਬੇ ਦੀ ਨਿੱਤ ਵਰਤੋਂ ਦੀ, ਮੁਹਾਵਰਿਆਂ ਨਾਲ ਸ਼ਿੰਗਾਰੀ ਬੋਲੀ ਵਿਚ ਹਨ ਜੋ ਜਜ਼ਬੇ ਵਿਚ ਗੁੰਨ੍ਹ ਹੋ ਕੇ, ਤਾਸੀਰ ਦੀ ਭੱਠੀ ਵਿਚ ਰੰਗ ਹੋ ਕੇ, ਸ਼ਿਅਰੀ ਸਾਂਚੇ ਵਿਚ ਢਲਕੇ ਕਲਮ ਦੀ ਨੋਕ ਤੇ ਆਉਂਦੇ ਹਨ ਜੋ ਤੀਰ ਵਾਂਗ ਪਾਠਕ ਦੇ ਦਿਲ ਵਿਚ ਖੁਭ ਕੇ, ਅਪਣੀ ਸਦੀਵੀ ਲੱਜ਼ਤ ਛੱਡ ਜਾਂਦੇ ਹਨ।ਉਹਨਾਂ ਨੂੰ ਪੜ੍ਹਕੇ ਸਾਡਾ ਲੂੰ ਲੂੰ ਨਸ਼ਿਆ ਜਾਂਦਾ ਹੈ, ਅਸੀਂ ਉਹਨਾਂ ਸ਼ਿਅਰਾਂ ਨੂੰ ਪੜ੍ਹਕੇ ਨਾ ਕੇਵਲ ਆਪ ਹੀ ਆਨੰਦਤ ਹੁੰਦੇ ਹਾਂ, ਬਲਕਿ ਦੂਜਿਆਂ ਨੂੰ ਸੁਣਾ ਕੇ ਵੀ ਇਕ ਅਜੀਬ ਖ਼ੁਸ਼ੀ ਮਹਿਸੂਸ ਕਰਦੇ ਹਾਂ।ਕੁਝ ਚੰਗੇ ਸ਼ਿਅਰ ਸਾਨੂੰ ਆਮ ਸ਼ਾਇਰਾਂ ਦੇ ਕਲਾਮ ਵਿਚ ਵੀ ਮਿਲ ਜਾਣਗੇ, ਲੇਕਿਨ ਵੱਡੇ ਸ਼ਾਇਰਾਂ ਦੀ ਇਹ ਪਹਿਚਾਣ ਹੈ ਕਿ ਉਹਨਾਂ ਦੇ ਕਲਾਮ ਵਿਚ ਖ਼ੂਬਸੂਰਤ ਸ਼ਿਅਰ ਬਹੁ-ਗਿਣਤੀ ਵਿਚ ਉਪਲਭਦ ਹੁੰਦੇ ਹਨ।ਇਸ ਲਈ ਅਸੀਂ ਛੋਟੇ ਵੱਡੇ ਦਾ ਨਿਰਣਾ ਉਸ ਦੀਆਂ ਕਿਤਾਬਾਂ ਦੀ ਗਿਣਤੀ ਤੇ ਨਹੀਂ, ਬਲਕਿ ਉਸ ਦੇ ਖ਼ੂਬਸੂਰਤ ਸ਼ਿਅਰਾਂ ਦੀ ਗਿਣਤੀ ਤੇ ਨਿਰਧਾਰਤ ਕਰਦੇ ਹਾਂ।ਗੁਰਦੀਪ ਸਿੰਘ "ਦੀਪ" ਦੇ ਸ਼ਿਅਰ ਸਾਨੂੰ ਵਿਭਿੰਨ ਵਿਸ਼ਿਆਂ ਤੇ ਬਹੁਤੇ ਵੱਡੀ ਮਿਕਦਾਰ ਵਿਚ ਮਿਲਦੇ ਹਨ ਜਿਹਨਾਂ ਦੀ ਤੈਦਾਦ ਦਰਜਣਾਂ, ਬੀਸੀਓਂ ਹੈ।ਇਸ ਲਿਹਾਜ਼ ਨਾਲ ਅਸੀਂ ਦੀਪ ਨੂੰ ਵੱਡੇ ਸ਼ਾਇਰਾਂ ਵਿਚ ਸ਼ੁਮਾਰ ਕਰਾਂਗੇ।ਗੁਰਦੀਪ ਨਿਸੰਦੇਹ ਵੱਡਾ ਸ਼ਾਇਰ ਅਖਵਾਣ ਦਾ ਹਕਦਾਰ ਹੈ।ਸਾਨੂੰ ਪੂਰਨ ਵਿਸ਼ਵਾਸ ਹੈ ਕਿ ਉਸ ਦਾ ਇਹ ਸ਼ਿਅਰੀ ਮਜਮੂਆਂ ਬਹੁ-ਖ਼ੂਬੀਆਂ ਨਾਲ ਸਸ਼ੋਭਤ ਹੈ ਇਸ ਨੂੰ ਪੜ੍ਹਕੇ ਪਾਠਕ ਆਨੰਦ ਮਾਨਣਗੇ ਅਤੇ ਸ਼ਾਇਰ ਦੀ ਮਿਹਨਤ ਤੇ ਕਲਾ ਦੀ ਦਾਦ ਦੇਣਗੇ।

ਮੈਂ ਗੁਰਦੀਪ ਦੀ ਲੰਮੀ ਉਮਰ ਤੇ ਮਜੀਦ ਤਰੱਕੀ ਲਈ ਦੁਆ ਕਰਦਾ ਹਾਂ ਅਤੇ ਕਾਮਨਾ ਕਰਦਾ ਹਾਂ ਕਿ ਉਹ ਅਜੇਹੇ ਖ਼ੂਬਸੂਰਤ ਗ਼ਜਲਾਂ ਦੇ ਮਜਮੂਏ ਛਾਪ ਗ਼ਜ਼ਲ ਕਲਾ ਨੂੰ ਹੋਰ ਵੀ ਪਰਫੁੱਲਤ ਤੇ ਅਮੀਰ ਬਣਾਂਦਾ ਰਹੇਗਾ ਅਤੇ ਗ਼ਜ਼ਲ ਦੇ ਖਜ਼ਾਨੇ ਨੂੰ ਅਜੇਹੇ ਵਡਮੁੱਲੇ ਹੀਰੇ ਮੋਤੀਆਂ ਨਾਲ ਮਾਲਾ ਮਾਲ ਕਰਦਾ ਰਹੇਗਾ।

ਆਮੀਨ !

ਦੁਆ ਗੋ,

ਚਾਨਣ ਗੋਬਿੰਦਪੁਰੀ
ਸੀ.ਏ-101,ਟੈਗੋਰ ਗਾਰਡਨ,
ਨਵੀਂ ਦਿੱਲੀ -110027.

20 ਅਗਸਤ 1998

# ਸੁਲਗਦੇ ਅਹਿਸਾਸ ਵਾਲਾ ਸ਼ਾਇਰ 'ਦੀਪ'

ਗੁਰਦੀਪ ਭਾਟੀਆ ਕਾਫ਼ੀ ਲੰਮੇ ਅਰਸੇ ਤੋਂ ਗ਼ਜ਼ਲ ਕਹਿੰਦਾ ਆ ਰਿਹਾ ਹੈ। ਹੁਣ ਉਹ ਇੱਕ ਪ੍ਰੌਢ ਅਤੇ ਸੁਲਝਿਆ ਹੋਇਆ ਗ਼ਜ਼ਲਕਾਰ ਬਣ ਚੁੱਕਾ ਹੈ। ਗ਼ਜ਼ਲ ਸਿਨਫ਼ ਦੀਆਂ ਬਾਰੀਕੀਆਂ, ਸੂਖ਼ਸ਼ਮਤਾ, ਨਜ਼ਾਕਤ, ਲਤਾਫ਼ਤ, ਬਲਾਗ਼ਤ ਅਤੇ ਫ਼ਸਾਹਤ ਵਰਗੀਆਂ ਖ਼ੂਬੀਆਂ ਨੂੰ ਉਹ ਖ਼ੂਬ ਸਮਝਦਾ ਹੈ। ਸ਼ਿਅਰ ਕਹਿਣ ਦਾ ਉਸ ਦਾ ਆਪਣਾ ਹੀ ਇੱਕ ਵੱਖਰਾ ਅੰਦਾਜ਼ ਹੈ। ਸਰਲਤਾ ਅਤੇ ਸਪਸ਼ਟਤਾ ਉਸ ਦੇ ਸ਼ਿਅਰਾਂ ਦੀ ਖ਼ਾਸ ਖ਼ੂਬੀ ਹੈ। ਉਸ ਦੇ ਸ਼ਿਅਰ ਪੁਰਅਸਰ ਅਤੇ ਦਿਲ ਵਿਚ ਲਹਿ ਜਾਣ ਵਾਲੇ ਹੁੰਦੇ ਹਨ। ਉਸ ਦੇ ਦਿਲ ਵਿਚ ਜਜ਼ਬਾਤ ਦੀ ਸ਼ਿੱਦਤ ਹੈ ਪਰ ਉਸ ਦਾ ਵਿਵੇਕ ਜਜ਼ਬਾਤ ਨੂੰ ਬੇ-ਲਗਾਮ ਨਹੀਂ ਹੋਣ ਦਿੰਦਾ। ਉਸ ਦੀ ਸ਼ਿਇਰੀ ਵਿਚ ਅਹਿਸਾਸ ਦੀ ਗਹਿਰਾਈ ਅਤੇ ਅਨੁਭਵ ਦੀ ਵਿਸ਼ਾਲਤਾ ਸਮੁੱਚੀ ਜ਼ਿੰਦਗੀ ਦੇ ਕਣ ਕਣ ਨੂੰ ਆਪਣੇ ਅੰਦਰ ਸਮੋਈ ਬੈਠੀ ਹੈ। ਉਸ ਦੀ ਸੋਚ ਜੁਝਾਰੂ, ਪ੍ਰਗਤੀ-ਸ਼ੀਲ, ਸਮਾਜਵਾਦੀ ਅਤੇ ਮਾਨਵ-ਵਾਦੀ ਵਿਚਾਰਾਂ ਦੀ ਧਾਰਣੀ ਹੈ। ਉਸ ਦੀ ਕਲਮ, ਝੂਠ, ਪਾਖੰਡ, ਦੰਭੀ ਲੋਕਾਂ ਦੇ ਪਰਦੇ ਫ਼ਾਸ਼ ਕਰਦੀ ਨਜ਼ਰ ਆਉਂਦੀ ਹੈ। ਕਾਣੇ ਕਾਨੂੰਨ ਦੇ ਰਾਖੇ ਮੁਨਸਿਫ਼ਾਂ ਉੱਤੇ ਜਦੋਂ ਵਿਅੰਗ ਕੱਸਦਾ ਹੈ ਤਾਂ ਝੰਜੋੜ ਕੇ ਰੱਖ ਦਿੰਦਾ ਹੈ। ਉਸ ਨੇ ਜ਼ਿੰਦਗੀ ਦਾ ਦਰਦ, ਲੋੜਾਂ, ਥੁੜਾ, ਬੇ-ਬਸੀਆਂ, ਮਜਬੂਰੀਆਂ ਨੂੰ ਆਪਣੀ ਰੂਹ ਦੇ ਪਿੰਡੇ ਤੇ ਹੰਢਾਇਆ ਹੈ, ਫਿਰ ਵੀ ਉਹ ਜ਼ਿੰਦਗੀ ਤੋਂ ਨਿਰਾਸ਼ ਨਹੀਂ ਹੁੰਦਾ ਅਤੇ ਜ਼ਿੰਦਗੀ ਨੂੰ ਇੱਕ ਸੰਘਰਸ਼ ਵਜੋਂ ਲੈਂਦਾ ਹੈ। ਗੱਲ ਕੀ ਜ਼ਿੰਦਗੀ ਉਸ ਦੇ ਸ਼ਿਅਰਾਂ ਵਿਚ ਜਿਉਂਦੀ ਜਾਗਦੀ ਅਤੇ ਧੜਕਦੀ ਮਹਿਸੂਸ ਹੁੰਦੀ ਹੈ। ਉਸ ਦੇ ਕੁਝ ਪ੍ਰਗਤੀ-ਸ਼ੀਲ ਅਤੇ ਮਾਨਵਤਾ ਹੇਤੂ ਸ਼ਿਅਰ ਵੇਖੋ-

ਖ਼ਰਾ ਲਗਦੈ ਮੁਹੱਬਤ ਵਿਚ ਅਸੂਲੀ ਜੰਗ-ਜੂੰ ਹੋਣਾ।
ਮਗਰ, ਚੰਗਾ ਨਹੀਂ ਲਗਦਾ ਕਿਸੇ ਦਾ ਪਾਲਤੂ ਹੋਣਾ।

ਸਚ ਨੂੰ ਤਾਂ ਪਰਦੇ-ਦਾਰੀਆਂ ਦੀ ਲੋੜ ਹੀ ਨਹੀਂ,
ਇਹ ਝੂਠ ਦੀ ਹੀ ਮੰਗ ਹੈ, ਪਰਦਾ ਗਿਰਾ ਦਿਓ।

ਹੋ ਸਕਦਾ ਹੈ ਕਲ ਨੂੰ ਉਹ ਇਕ ਝੁੱਗੀ ਨੂੰ ਵੀ ਤਰਸਣ,
ਅੱਜ ਜਿਨ੍ਹਾਂ ਦੇ ਨਾਂ ਥੱਲੇ ਹਨ ਮਹਿਲਾਂ ਦੇ ਸਿਰਨਾਵੇਂ।

ਉਹ ਮੁਨਸਿਫ਼ ਹੈ, ਮਗਰ ਸਰਕਾਰ ਦੀ ਤਨਖ਼ਾਹ ਤੇ ਪਲਦਾ ਹੈ,
ਕਿਵੇਂ ਨਾ ਸੋਚਣੀ ਉਸ ਦੀ ਤੇ ਹੱਕ ਸਰਕਾਰ ਦਾ ਹੋਏ ?

ਨਹੀਂ ਕਬੂਲ ਕਿ ਨੱਚੀਏ ਇਸ਼ਾਰਿਆਂ ਉੱਤੇ।
ਕਿ ਸਾਨੂੰ ਮਾਣ ਹੈ ਹੱਥਾਂ ਕਰਾਰਿਆਂ ਉੱਤੇ।

ਸਾਰੀ ਲੋਕਤਾ ਇੱਕ ਹੈ.

ਮੰਨਿਆਂ ਵਖਰੇ ਵਖਰੇ ਫ਼ਿਰਕੇ ਵਖਰੀਂ ਵਖਰੀਂ ਸੋਚ,
ਪਰ ਨਾ ਕਿਸੇ ਵੀ ਫ਼ਿਰਕੇ ਦੇ ਵਿਚ ਰੰਗ ਲਹੂ ਦੇ ਦੋ।

ਦਰ ਬਦਰ ਕਰ ਦੇਣ ਦਾ ਜੇ ਕਰ ਉਨ੍ਹਾਂ ਨੂੰ ਹੱਕ ਹੈ,
ਹੱਕ ਹੈ ਸਾਨੂੰ ਵੀ, ਕਹੀਏ-'ਸਾਰੀ ਦੁਨੀਆਂ ਸਾਡਾ ਘਰ'।

ਨਾ ਖ਼ੂਨ ਦਾ ਦਾਅਵਾ ਹੈ, ਨਾ ਜ਼ਾਤ ਦਾ ਰੌਲਾ ਹੈ,
ਇਕ ਵੱਖਰੀ ਸਕੀਰੀ ਹੈ ਦੁਖ ਸੁਖ ਦੇ ਭਿਆਲਾਂ ਦੀ।

ਸਮੁੱਚੀ ਧਰਤ ਹੋਵੇ ਇੱਕ, ਨ ਵੰਡੇ ਏਸ ਨੂੰ ਕੋਈ,
ਕਿਤੇ ਵੀ ਚੀਨ, ਅਮਰੀਕਾ, ਕਨੇਡਾ, ਰੂਸ ਨਾ ਹੋਵੇ।

ਜੁਝਾਰੂ ਸੋਚ ਵਾਲੀ, ਲੋਕ-ਪੱਖੀ, ਡਿਓਢ ਬਹਿਰ ਦੀ ਇੱਕ ਮੁਰੱਸਾ ਗ਼ਜ਼ਲ ਦੇ ਕੁਝ ਸ਼ਿਅਰ ਪੇਸ਼ ਹਨ। ਇਸ ਗ਼ਜ਼ਲ ਦੇ ਨੌਂ ਸ਼ਿਅਰ ਹਨ ਅਸੀਂ ਹੇਠਾਂ ਚਾਰ ਦੇ ਰਹੇ ਹਾਂ-

ਅਸੀਂ ਲੋਕਾਂ 'ਚ ਰਹਿਣਾ ਹੈ, ਤੇ ਲੋਕਾਂ ਨਾਲ ਰਹਿਣਾ ਹੈ,
ਅਸਾਡਾ ਫ਼ੈਸਲਾ ਹੈ ਇਹ॥
ਜੋ ਲੋਕਾਂ ਦੇ ਨਹੀਂ ਬਣਦੇ,ਉਨ੍ਹਾਂ ਦੀ ਜੜ੍ਹ 'ਚ ਬਹਿਣਾ ਹੈ,
ਅਸਾਡਾ ਫ਼ੈਸਲਾ ਹੈ ਇਹ॥

ਜਿਨ੍ਹਾਂ ਦੇ ਮੂੰਹ ਲਹੂ ਲਗਿਐ, ਉਨ੍ਹਾਂ ਨੇ ਬਾਜ਼ ਨਈਂ ਆਉਣਾ,
ਹੈ ਸਾਨੂੰ ਇਲਮ ਇਸ ਗੱਲ ਦਾ,
ਉਨ੍ਹਾਂ ਨੂੰ ਨੱਥ ਪਾਉਣੀ ਹੈ, ਉਨ੍ਹਾਂ ਦੇ ਸਿਰ ਤੇ ਬਹਿਣਾ ਹੈ,
ਅਸਾਡਾ ਫ਼ੈਸਲਾ ਹੈ ਇਹ॥

ਅਸੀਂ ਸਿਰ ਲੱਥ ਜਿੰਦਾਂ ਹਾਂ, ਅਸੀਂ ਨਈਂ ਪੂਰ ਚਿੜੀਆਂ ਦਾ,
ਭੁਲੇਖੇ ਵਿਚ ਨਾ ਰਹਿਣਾ,
ਉਨ੍ਹਾਂ ਦੇ ਸਾਮ੍ਹਣੇ ਖੜ੍ਹਕੇ, ਉਨ੍ਹਾਂ ਨੂੰ ਡਟ ਕੇ ਕਹਿਣਾ ਹੈ,
ਅਸਾਡਾ ਫ਼ੈਸਲਾ ਹੈ ਇਹ॥

ਅਸੀਂ ਲੋਕਾਂ ਲਈ ਜੀਣੈ, ਅਸੀਂ ਲੋਕਾਂ ਲਈ ਮਰਨੈ,
ਅਸੀਂ ਤਾਕਤ ਹਾਂ ਲੋਕਾਂ ਦੀ,
ਅਸੀਂ ਕਮਜ਼ੋਰ ਨਾੜਾਂ ਵਿੱਚ ਬਣਕੇ ਖ਼ੂਨ ਵਹਿਣਾ ਹੈ,
ਅਸਾਡਾ ਫ਼ੈਸਲਾ ਹੈ ਇਹ॥

ਜ਼ਰਦਾਰਾਂ ਤੇ ਜ਼ੋਰਾਵਰਾਂ ਦੇ ਰਾਜ ਵਿਚ ਕੀ ਨਹੀਂ ਹੁੰਦਾ.

ਇਨਸਾਫ਼ ਦੇ ਨਾਂ ਉੱਤੇ ਕਦ ਜ਼ੁਲਮ ਨਹੀਂ ਹੋਇਆ ?
ਕੀ ਰੋਸ ਕਿ ਜੇ ਕੋਈ ਇਹ ਕਹਿ ਕੇ ਸਜ਼ਾ ਦੇਵੇ!

ਮੌਤ ਨ ਆਵੇ, ਪੇਸ਼ ਨ ਜਾਵੇ, ਤਾਹੀਓਂ ਬੇ-ਬਸ ਇੱਕ ਕਲੀ,
ਬੰਦ ਕਮਰੇ ਵਿਚ ਮਿੱਧੀ ਜਾਵੇ, ਮਸਲੀ ਜਾਵੇ, ਵੇਖੇ ਕੌਣ ?

ਇਸ ਗ਼ਜ਼ਲ ਸੰਗ੍ਰਹਿ ਦੀ ਪਹਿਲੀ ਗ਼ਜ਼ਲ ਹੀ ਅਜੇਹੀ ਮੁਰੱਸਾ ਹੈ ਕਿ ਹਰ ਸ਼ਿਅਰ ਕਾਬਲੇ ਦਾਦ ਹੈ। ਵਿਸ਼ਿਆਂ ਦੀ ਵਲੱਖਣਤਾ, ਮਿੱਠੀ ਤਨਜ਼ ਦਿਲ ਨੂੰ ਧੂਹ ਜਿਹੀ ਪਾਉਂਦੀ ਲਗਦੀ ਹੈ। ਕੋਈ ਵੀ ਸ਼ਿਅਰ ਅਣ-ਗੌਲਿਆ ਨਹੀਂ ਰਹਿ ਸਕਦਾ।

ਝੂਠ ਨੂੰ ਝੂਠ ਕਿਹਾ ਉਸ ਨੂੰ ਬੁਰਾ ਲਗਦਾ ਹੈ।
ਮੈਨੂੰ ਉਹ ਵਕਤ ਦੀ ਸਰਕਾਰ ਜਿਹਾ ਲਗਦਾ ਹੈ।

ਉੱਚੀ ਸਾਹ ਲੈਣਾ ਵੀ ਸਾਡੇ ਲਈ ਵਰਜਿਤ ਹੈ ਜਦੋਂ,
ਕੋਈ ਹਸਦਾ ਹੈ ਤਾਂ ਮਨਜ਼ੂਰ-ਸ਼ੁਦਾ ਲਗਦਾ ਹੈ।

ਅਪਣੇ ਆਪੇ ਤੋਂ ਵੀ ਸ਼ਰਮਿੰਦਾ ਨਜ਼ਰ ਆਉਂਦੈ ਉਹ,
ਗ਼ਲਤ ਥਾਂ ਉਸਨੂੰ ਕਿਸੇ ਵੇਖ ਲਿਆ ਲਗਦਾ ਹੈ।

ਉਸ ਦੀ ਦਹਿਸ਼ਤ ਨੂੰ ਕੋਈ ਮੰਨੇ ਜ਼ਰੂਰੀ ਤਾਂ ਨਹੀਂ,
ਜਾਹ ! ਨਹੀਂ ਕਹਿੰਦਾ ਕਿ ਉਹ ਮੈਨੂੰ ਖ਼ੁਦਾ ਲਗਦਾ ਹੈ।

ਜੋ ਇਹ ਕਹਿੰਦਾ ਸੀ, ਕਦੇ ਝੁਕਣਾ ਨਹੀਂ, ਵਿਕਣਾ ਨਹੀਂ,
ਦੇਖ ਸਜ਼ਦੇ 'ਚ ਖੜਾ ਕੇਹੋ ਜਿਹਾ ਲਗਦਾ ਹੈ ?

ਕਿੰਨਾ ਸੌਖਾ ਹੈ ਤਵਾ ਲਾਉਣਾ ਕਿਸੇ ਦੂਜੇ ਦਾ,
ਤਦ ਪਤਾ ਲਗਦੈ, ਜਦੋਂ ਅਪਣਾ ਤਵਾ ਲਗਦਾ ਹੈ।

ਇਸ ਗ਼ਜ਼ਲ ਦੇ ਬਾਕੀ ਸ਼ਿਅਰ ਭੀ ਖ਼ੂਬ ਹਨ। ਗੁਰਦੀਪ ਦੇ ਸ਼ਿਅਰਾਂ ਵਿੱਚ ਸ਼ਬਦਾਂ ਦੀ ਤਕਰਾਰ ਵੀ ਖ਼ੂਬ ਹੈ। ਕੁਝ ਸ਼ਿਅਰ ਵੇਖੋ .-

ਨਕਾਰੀ ਸੋਚ ਜੇ ਹਾਵੀ ਨਹੀਂ ਮਨ ਤੇ, ਤਾਂ ਸਚ ਜਾਣੋ,
ਨਕਾਰੇ ਤੋਂ ਨਕਾਰਾ ਵੀ ਨਕਾਰਾ ਹੋ ਨਹੀਂ ਸਕਦਾ।

ਆਪ ਕਹਿੰਦੈ, 'ਗ਼ੁਲਾਮ ਕਿਉਂ ਹੋਵਾਂ',
ਅਪਣੀ ਖ਼ਾਤਿਰ ਗ਼ੁਲਾਮ ਚਾਹੁੰਦਾ ਹੈ।

ਉੱਚੇ ਸੁੱਚੇ ਬਣ ਬਣ ਬਹਿਣਾ ਕਿਹੜੇ ਕੰਮ,
ਉੱਚਾ ਸੁੱਚਾ ਜੇ ਕਰ ਨਈਂ ਇਖ਼ਲਾਕ ਸਜਨ।

ਕੀਚਰ ਕੀਚਰ ਹੋਇਆ ਜਦ ਮੈਂ ਸ਼ੀਸ਼ੇ ਵਾਂਗ,
ਹਰ ਪੱਥਰ - ਦਿਲ ਮਨ ਹੀ ਮਨ ਵਿਚ ਮੁਸਕਾਇਆ।

ਹਰਿਕ ਸ਼ਾਇਰ ਨੂੰ "ਵਾਹ ਵਾਹ" ਤੋਂ ਬੜੀ ਤਸਕੀਨ ਮਿਲਦੀ ਹੈ,
ਮਗਰ ਪਰਿਵਾਰ ਨੂੰ "ਵਾਹ ਵਾਹ" ਤੋਂ ਕੁਝ ਹਾਸਿਲ ਨਹੀਂ ਹੁੰਦਾ।

ਏਥੇ "ਵਾਹ ਵਾਹ" ਦੀ ਤਕਰਾਰ ਨੇ ਕਿੱਡਾ ਵੱਡਾ ਸੱਚ ਪੇਸ਼ ਕਰਕੇ ਕਿਆ ਠੱਠ ਬੰਨ੍ਹੀਂ ਹੈ।

ਬਿਆਨ ਦੀ ਲਤਾਫ਼ਤ ਅਤੇ ਨਾਜ਼ੁਕ ਖ਼ਿਆਲੀ ਦਾ ਰੰਗ ਵੇਖੋ-

ਖ਼ਵਰੇ ਕਿਸ ਦਾ ਗੀਤ ਪਲੇਠਾ ਮੋਇਆ ਹੈ।
ਢੋ ਕੇ ਬੂਹੇ ਪਲ਼ਕਾਂ ਦੇ ਦਿਲ ਰੋਇਆ ਹੈ।

ਪੀੜਾਂ ਚਲ ਕੇ ਆਈਆਂ ਕਿਸ ਦੀ ਖ਼ਬਰ ਲਈ,
ਬਿਰਹਾ ਨੇ ਉਠ ਤੇਲ ਬਰੂਹੀਂ ਚੋਇਆ ਹੈ।

ਪੁੱਛ ਨ ਮੇਰੀ ਹਾਲਤ ਮੇਰੇ ਚਿਹਰੇ ਤੋਂ,
ਇਹ ਕੀ ਦੱਸੂ, ਕੀ ਪਾਇਆ ਕੀ ਖੋਇਆ ਹੈ।

ਖੁੱਲਣੀਆਂ ਸਨ ਅੱਖਾਂ ਸੁਪਨਾ ਟੁਟਣਾ ਸੀ,
ਏਹੋ ਆਖ਼ਿਰ ਹੋਣਾ ਸੀ, ਜੋ ਹੋਇਆ ਹੈ।

ਵੇਖ ਕਰਿਸ਼ਮਾ, ਸੜਦੇ ਬਲਦੇ ਸੂਰਜ ਨੂੰ,
ਮੈਂ ਸ਼ੀਸ਼ੇ ਦੇ ਟੁਕੜੇ ਵਿਚ ਸਮੋਇਆ ਹੈ।

ਚਿੱਟੀ-ਦੁੱਧ ਗ਼ਜ਼ਲ ਨੇ ਆਖ਼ਿਰ ਕਹਿ ਦਿੱਤਾ,
ਤੈਥੋਂ, ਤੇਰੇ ਵਿਚਲਾ ਕਵੀ ਨਰੋਇਆ ਹੈ।

ਹੁਣ ਦੀਪ ਦੇ ਕੁਝ ਵਿਕੋਲਿੱਤਰੇ ਅਜੇਹੇ ਸ਼ਿਅਰ ਪੇਸ਼ ਕਰਦੇ ਹਾਂ ਜੋ ਅਪਣੀ ਮਿਸਾਲ ਆਪ ਹਨ। ਵਿਸ਼ੇ ਪੱਖੋਂ ਵਿਲੱਖਣ ਅਤੇ ਕਲਾ ਪੱਖੋਂ ਨਰੋਏ ਹਨ-
ਜ਼ਮਾਨੇ-ਸਾਜ਼ ਲੋਕਾਂ ਤੇ ਤਨਜ਼-

ਕਰਾਰ ਕਰਕੇ ਵੀ ਇਹ ਕਦ ਕਰਾਰ ਕਰਦੇ ਨੇ।
ਜ਼ਮਾਨੇ ਸਾਜ਼ ਜ਼ਰੂਰਤ ਨੂੰ ਪਿਆਰ ਕਰਦੇ ਨੇ।

ਸ਼ੌਕ ਦੀ ਕੋਈ ਇੰਤਹਾ ਨਹੀਂ-

ਜਿਨ੍ਹਾਂ ਨੇ ਸ਼ੌਕ ਦੀ ਹੱਦ ਵੀ ਨਾ ਪਿੱਛੇ ਪਰਤ ਕੇ ਵੇਖੀ,
ਉਹ ਸਾਥੋਂ ਕੱਲ ਵੀ ਚੰਗੇ ਸਨ, ਉਹ ਸਾਥੋਂ ਅੱਜ ਵੀ ਚੰਗੇ ਨੇ।

ਹਕੀਕੀ ਇਸ਼ਕ-

ਜਦੋਂ ਵੀ ਝਾਕਦਾਂ ਬੁੱਕਲ 'ਚ, ਦੇਖਦਾਂ ਉਸ ਨੂੰ,
ਕਿਵੇਂ ਮੈਂ ਕਹਿ ਦਿਆਂ, ਉਹ ਮੇਰੇ ਨਾਲ ਨਾਲ ਨਹੀਂ।

ਤੇਰੇ ਬਾਝੋਂ ਕਿਸੇ ਮਹਿਫ਼ਿਲ 'ਚ ਮੈਂ ਸ਼ਾਮਿਲ ਨਹੀਂ ਹੁੰਦਾ।
ਜੇ ਹੋਵਾਂ ਵੀ ਤਾਂ ਮੇਰੇ ਨਾਲ ਮੇਰਾ ਦਿਲ ਨਹੀਂ ਹੁੰਦਾ।

ਬੇ-ਬਹਿਰੀ ਖੁੱਲ੍ਹੀ ਕਵਿਤਾ ਬਾਰੇ

ਬੇ-ਬਹਿਰੀ, ਬੇ-ਸਮਝ ਅਕਵਿਤਾ, ਜੰਮ ਜੰਮ "ਦੀਪ" ਮੁਬਾਰਕ ਤੈਨੂੰ,
ਸਾਨੂੰ ਚੰਗੇ ਸ਼ਿਅਰ ਪੁਰਾਣੇ, ਬੁੱਲ੍ਹੇ ਤੇ ਵਾਰਿਸ ਦੇ ਯਾਰਾ।

ਜਦੀਦ ਖੁੱਲ੍ਹੀ ਕਵਿਤਾ ਦੇ ਕਵੀ ਤੇ ਤਨਜ਼-

ਸਮਝੇ ਜਾਂ ਨਾ ਸਮਝੇ ਕੋਈ, ਤੂੰ ਕਵਿਤਾਵਾਂ ਲਿਖਦਾ ਰਹਿ,
ਤੇਰੇ ਸਿਰ ਤੇ ਹੱਥ ਹੈ ਪਿਆਰੇ, ਆਲੋਚਕ- ਵਿਦਵਾਨਾਂ ਦਾ।

ਮਜਬੂਰੀਆਂ-
ਚੂੜਾ ਨਸੀਬ ਹੋਇਆ ਨਾ, ਮਜਬੂਰੀਆਂ ਦੀ ਮਾਰ,
ਆਈਆਂ ਸਫ਼ੇਦ ਹੋਣ ਤੇ, ਜ਼ੁਲਫ਼ਾਂ ਕੁਆਰੀਆਂ।

ਕਦ ਲੱਗੇਗੀ ਮਹਿੰਦੀ ਉਸ ਦੇ ਹੱਥਾਂ ਨੂੰ,
ਹੋਰਾਂ ਨੂੰ ਜੋ ਹਸ ਹਸ ਮਹਿੰਦੀ ਲਾਉਂਦੀ ਹੈ।

ਹੱਸੇ, ਝੂਰੇ, ਤੜਪੇ, ਰੋਵੇ, ਰਹੇ ਉਦਾਸ,
ਇਕ ਮਜਬੂਰੀ ਕਿੰਨੇਂ ਰੰਗ ਵਿਖਾਉਂਦੀ ਹੈ।

ਪਰਦੇਸ ਦੀ ਲਾਲਸਾ ਜ਼ਮੀਰ ਨੂੰ ਮਾਰ ਦੇਂਦੀ ਹੈ-
ਲਾਲਸਾ ਪਰਦੇਸ ਦੀ ਲੈ ਆਈ ਹੈ ਕਿੰਨ੍ਹਾਂ ਨਿਘਾਰ,
ਭੈਣ ਭਾਈ ਬਣ ਰਹੇ ਨੇ "ਦੁਲਹਾ ਦੁਲਹਣ ਕਾਗਜ਼ੀ"।

ਭੁੱਖੇ ਪੇਟ ਦੀ ਸਹੀ ਤਰਜ਼ਮਾਨੀ-
ਭੁੱਖੇ ਪੇਟ ਨੂੰ ਸੁੱਕੀ ਰੋਟੀ ਵੀ ਲਗਦੀ ਹੈ ਕੇਕ,
ਆਵੇ ਨਾ ਇਤਬਾਰ ਤਾਂ ਕਰਕੇ ਵੇਖ ਕਦੀ ਅਭਿਆਸ।

ਹਾਲਾਤ ਇਓਂ ਭੀ ਹੁੰਦੇ ਨੇ ਬਦਤਰ ਕਦੇ ਕਦੇ,
ਭੁੱਖੇ ਨੂੰ ਜਾਣਾ ਪੈਂਦਾ ਏ ਦਰ ਦਰ ਕਦੇ ਕਦੇ।

ਗ਼ਰੀਬ ਦੀਆਂ ਮਜਬੂਰੀਆਂ ਤੇ ਉਸ ਦੀ ਹਾਲਤ ਦੀ ਤਸਵੀਰ-ਕਸ਼ੀ-

ਮਜਬੂਰੀਆਂ ਨੂੰ ਕਿੰਜ ਹੰਡਾਉਂਦੇ ਨੇ ਲੋਕ, ਵੇਖ!
ਲੀਰਾਂ ਨੇ ਤਨ ਤੇ ਪਾਟੀਆਂ, ਖੁੱਲ੍ਹੀਆਂ ਲਟੂਰੀਆਂ!

ਲੱਥੇ ਹੋਏ ਲੰਗਾਰ ਨੂੰ ਬਖ਼ਸ਼ੇ ਨਵਾਂ ਹੀ ਰੂਪ,
ਘਰ ਵਿਚ ਪਈ, ਬਚੀ - ਖੁਚੀ ਕਾਤਰ ਕਦੇ ਕਦੇ।

ਕਿੰਨੀਂ ਔਖੀ ਲਗਦੀ ਏ ਆਪਾ-ਪੜਚੋਲ-

ਜ਼ਮਾਨੇ ਭਰ ਨੂੰ ਕਹਿੰਦੇ ਹਾਂ, ਕਿ ਅਪਣੇ ਰੂ-ਬ-ਰੂ ਹੋਵੋ,
ਮਗਰ ਔਖਾ ਜਿਹਾ ਲਗਦਾ ਹੈ ਅਪਣੇ ਰੂ-ਬ-ਰੂ ਹੋਣਾ,
(ਰੂ-ਬ-ਰੂ ਦੀ ਤਨਜ਼ ਖ਼ੂਬ ਹੈ।)

ਜ਼ਾਲਮ ਤੇ ਮੁਨਸਿਫ਼ ਦੀ ਸੋਚ-

ਜ਼ਾਲਿਮ ਦੀ ਸੋਚ ਹੋਰ ਹੈ, ਮੁਨਸਿਫ਼ ਦੀ ਸੋਚ ਹੋਰ,
ਨੁਕਤਾ-ਨਜ਼ਰ ਤੋਂ ਦੋਵੇਂ ਹੀ ਹੁੰਦੇ ਨਹੀਂ ਦਿਆਲ।

ਦੀਪ ਦੀਆਂ ਗ਼ਜ਼ਲਾਂ ਵਿਚ ਅਨੇਕਾਂ ਹੋਰ ਸ਼ਿਅਰ ਅਜੇਹੇ ਹਨ ਜੋ ਅਪਣਾ ਜਵਾਬ ਨਹੀਂ ਰੱਖਦੇ ਪਰ ਅਕਲਮੰਦ ਪਾਠਕਾਂ ਨੂੰ ਇਸ਼ਾਰਾ ਹੀ ਕਾਫ਼ੀ ਹੈ। ਅੰਤ ਵਿਚ ਕੁਝ ਨਾ ਲਿਖਦਾ ਹੋਇਆ, ਏਹੋ ਕਹਿਣਾ ਵਾਜਬ ਹੈ ਕਿ ਦੀਪ ਦਾ ਇਹ ਗ਼ਜ਼ਲ ਸੰਗ੍ਰਹਿ ਪੰਜਾਬੀ ਗ਼ਜ਼ਲ ਨੂੰ ਨਾ ਭੁਲਾਈ ਜਾਣ ਵਾਲੀ ਖ਼ੂਬਸੂਰਤ ਦੇਣ ਹੈ ਇਸ ਲਈ ਉਹ ਮੁਬਾਰਕਬਾਦ ਦਾ ਹੱਕਦਾਰ ਹਾ। ਪਾਠਕਾਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਦੀਪ ਦੀਆਂ ਗ਼ਜ਼ਲਾਂ ਦੀ ਕਦਰ ਕਰਦੇ ਹੋਏ ਉਸ ਨੂੰ ਭਰਪੂਰ ਦਾਦ ਦੇਣਗੇ।ਆਮੀਨ!

ਮਹਿੰਦਰ ਮਾਨਵ
ਮੁੱਖ ਕਨਵੀਨਰ,
ਪੰਜਾਬੀ ਗ਼ਜ਼ਲ ਸਕੂਲ ਪੰਜਾਬ,
ਸਥਾਪਤ ਵੱਲੋਂ. ਕੇਂਦਰੀ ਲੇਖਕ ਸਭਾ(ਸੇਖੋਂ)
13/60 ਨਵੀਂ ਮੰਡੀ, ਧੂਰੀ (ਸੰਗਰੂਰ)

ਅਗਸਤ, 1998

# ਲਟ ਲਟ ਜਗਦਾ ਗ਼ਜ਼ਲ-ਦੀਪ

ਪੰਜਾਬੀ ਗ਼ਜ਼ਲ ਕਿੱਥੋਂ ਆਰੰਭ ਹੋਈ ਅਤੇ ਕਿੱਥੇ ਪੁੱਜ ਗਈ ਹੈ, ਅੱਜ ਸ਼ਾਇਦ ਇਹ ਪੁਰਾਣਾ ਵਿਸ਼ਾ ਹੈ। ਇਸ ਦੇ ਵਿਰੋਧ ਵਿਚ ਵੀ ਬੜੀ ਤਕੜੀ ਲਹਿਰ ਚੱਲੀ ਸੀ ਪਰ ਟਿਕ ਨਾ ਸਕੀ। ਦਰਿਆ ਦੀ ਲਹਿਰ ਵਾਂਗ ਗ਼ਜ਼ਲ ਅੱਗੇ ਹੀ ਅੱਗੇ ਵਧਦੀ ਗਈ ਅਤੇ ਅੱਜ ਇਕ ਵਿਸ਼ੇਸ਼ ਪੜਾਅ ਤੇ ਪੁੱਜ ਗਈ ਲਗਦੀ ਹੈ। ਅੱਜ ਬੜੇ ਹੀ ਨਾਂ ਹਨ ਜੋ ਇਸ ਦੇ ਗਗਨ ਉੱਤੇ ਧਰੂ ਤਾਰੇ ਵਾਂਗ ਚਮਕ ਰਹੇ ਹਨ। ਗ਼ਜ਼ਲ ਲਹਿਰ ਬਹੁਤ ਹੀ ਜ਼ੋਰਦਾਰ ਅਤੇ ਸਮਰੱਥ ਲਹਿਰ ਬਣ ਚੁੱਕੀ ਹੈ। ਗ਼ਜ਼ਲ ਸਕੂਲ ਚਲਾਏ ਜਾ ਰਹੇ ਹਨ। ਜਿੱਥੇ ਵੀ ਕਿਧਰੇ ਚਾਰ ਕਵੀ ਇੱਕਠੇ ਹੁੰਦੇ ਹਨ, ਗ਼ਜ਼ਲ ਦੀ ਗੱਲ ਤੁਰਦੀ ਹੈ। ਗ਼ਜ਼ਲ-ਮੰਚ, ਕੌਮਾਂਤਰੀ ਗ਼ਜ਼ਲ-ਮੰਚ, ਵਿਸ਼ੇਸ਼ ਗ਼ਜ਼ਲ-ਪੱਤਰ, ਪੱਤਰਾਂ ਦੇ ਵਿਸ਼ੇਸ਼ ਗ਼ਜ਼ਲ- ਅੰਕ ਆਦਿ ਹੋਂਦ ਵਿਚ ਆਏ ਹਨ। ਕਿੱਸਿਆਂ ਦੇ ਦੌਰ ਵਿਚ ਜਿਵੇਂ ਹਰ ਕਵੀ ਕਿੱਸਾ ਲਿਖਣ ਬਿਨਾਂ ਕਵੀ ਨਹੀਂ ਸੀ ਗਿਣਿਆ ਜਾਂਦਾ, ਅੱਜ ਉਵੇਂ ਹੀ ਗ਼ਜ਼ਲ ਦਾ ਦੌਰ ਹੈ ਅਤੇ ਹਰ ਸ਼ਾਇਰ ਗ਼ਜ਼ਲ ਲਿਖਕੇ ਹੀ ਆਪਣੇ ਆਪ ਨੂੰ ਮਕਬੂਲ ਸਮਝਦਾ ਹੈ। ਵਿਦਵਾਨ ਵੀ ਪਿੱਛੇ ਨਹੀਂ ਰਹੇ ਅਤੇ ਆਪਣੇ ਆਪ ਨੂੰ ਇਸ ਲਹਿਰ ਵਿਚ ਸ਼ਾਮਿਲ ਕਰਦੇ ਹੋਏ ਉਨ੍ਹਾਂ ਨੇ ਗ਼ਜ਼ਲ-ਵਿਧਾਨ ਜਾਂ ਗ਼ਜ਼ਲ-ਸ਼ਾਸਤਰ ਆਦਿ ਦੀ ਗੱਲ ਤੋਰੀ ਹੈ। ਖੋਜ ਆਧਾਰਤ ਐੱਮ.ਫ਼ਿਲ. ਜਾਂ ਪੀ.ਐੱਚ.ਡੀ. ਵਰਗੀਆਂ ਉੱਚ ਡਿਗਰੀਆਂ ਵੀ ਕੁਝ ਵਿਦਵਾਨਾਂ ਨੇ ਪ੍ਰਾਪਤ ਕੀਤੀਆਂ ਹਨ। ਇਸ ਸਭ ਕਾਸੇ ਨਾਲ ਪੰਜਾਬੀ ਗ਼ਜ਼ਲ ਦਾ ਇਤਿਹਾਸ ਅਤੇ ਵਿਕਾਸ ਆਦਿ ਨਿੱਖਰ ਕੇ ਸਾਹਮਣੇ ਆਇਆ ਹੈ।

ਉਂਜ ਗ਼ਜ਼ਲ ਲਿਖਣਾ ਕਵਿਤਾ ਦੀ ਸਿਖ਼ਰ ਛੂਹਣ ਵਾਲੀ ਗੱਲ ਹੈ। ਇਸ ਦਾ ਵਿਧਾਨ ਅਤੇ ਵਿਸ਼ਾ-ਵਸਤੂ ਦੋਵੇਂ ਹੀ ਮਿਹਨਤ, ਸਾਧਨਾ ਅਤੇ ਲਗਾਤਾਰਤਾ ਮੰਗਦੇ ਹਨ। ਮਨ ਦੇ ਹਾਵਾਂ-ਭਾਵਾਂ ਨੂੰ ਇਕ ਸਖ਼ਤ ਸ਼ਬਦ-ਬੰਧੇਜ ਵਿਚ ਬੰਨ੍ਹ ਕੇ ਪੇਸ਼ ਕਰਨਾ ਸੱਚ-ਮੁਚ ਔਖਾ ਕੰਮ ਹੈ। ਸੁਚੱਜੀ ਸ਼ਬਦ-ਚੋਣ, ਮੁਹਾਵਰੇ ਦੀ ਵਰਤੋਂ ਅਤੇ ਸ਼ਬਦ-ਤਰਤੀਬ ਜੇ ਵਧੀਆ ਹੋਣ ਤਾਂ ਵਧੀਆਪ੍ਰਭਾਵ ਦਿੰਦੇ ਹਨ ਪਰ ਜੇ ਕਿਧਰੇ ਕੋਈ ਊਣਤਾਈ ਰਹਿ ਜਾਵੇ ਤਾਂ ਬੇ-ਰਸੀ ਵੀ ਪੈਦਾ ਹੁੰਦੀ ਹੈ। ਇਸ ਕਰਕੇ ਕਿਸੇ ਉਸਤਾਦ ਤੋਂ ਕੁਝ ਪੁੱਛ ਲੈਣਾ ਅਤੇ ਦਰੁਸਤੀ ਕਰਵਾ ਲੈਣਾ ਸਦਾ ਹੀ ਲਾਹੇਵੰਦਾ ਹੁੰਦਾ ਹੈ। ਮੰਚ ਉੱਤੇ ਗ਼ਜ਼ਲ ਦੀ ਪੇਸ਼ਕਾਰੀ ਹੋਰ ਵੀ ਮਹੱਤਵ-ਪੂਰਣ ਹੋ ਜਾਂਦੀ ਹੈ ਅਤੇ ਇਸ ਦੇ ਰੰਗ ਨੂੰ ਨਿਖੇਰ ਕੇ ਪੇਸ਼ ਕਰਦੀ ਹੋਈ ਡੂੰਘਾ ਅਤੇ ਵਧੀਆ ਪ੍ਰਭਾਵ ਛੱਡਦੀ ਹੈ। ਵੱਖ ਵੱਖ ਬਹਿਰਾਂ, ਉਹਨਾਂ ਦੀ ਨਿਯਮਾਵਲੀ ਅਤੇ ਨਿਭਾਅ ਆਪਣੇ ਆਪ ਵਿਚ ਮਹੱਤਵ-ਪੂਰਣ ਹੈ। ਸ਼ਾਇਦ ਇਸੇ ਕਰਕੇ ਹੀ ਇਸ ਲਹਿਰ ਵਿਚੋਂ ਕੁਝ ਲੋਕ ਬਾਹਰ ਹੋ ਗਏ ਹਨ ਪਰ ਇਹ ਉਹੀ ਹਨ ਜੋ ਇਸ ਨਾਲ ਪੈਰ ਮਿਲਾ ਕੇ ਤੁਰ ਨਹੀਂ ਸਕੇ। ਉਂਜ ਅੱਜ ਦੇ ਦੌਰ ਵਿਚ ਗ਼ਜ਼ਲ ਬਿਨਾਂ ਗੁਜ਼ਰਾ ਵੀ ਨਹੀਂ ਪਰ ਇਸ ਨਾਲ ਨਿਭਣਾ ਸੌਖਾ ਵੀ ਨਹੀਂ।

ਗੁਰਦੀਪ ਭਾਟੀਆ ਜਦੋਂ ਪਹਿਲੀ ਵਾਰ ਗ਼ਜ਼ਲ ਖੇਤਰ ਵਿਚ ਕੁੱਦਿਆ ਤਾਂ ਇੰਜ ਲੱਗਾ ਕਿ ਪੁਰਾਣਾ ਮਹਾਵਰਾ-" ਹੋਣਹਾਰ ਬਿਰਵਾਨ ਕੇ ਚਿਕਨੇ ਚਿਕਨੇ ਪਾਤ" ਜ਼ਰੂਰ ਹੀ ਸੱਚ ਸਾਬਤ ਹੋਵੇਗਾ। ਕਿਸੇ ਮਹਿਫ਼ਿਲ ਵਿਚ ਉਸ ਦੀ ਪੇਸ਼ਕਾਰੀ ਵੇਖ ਕੇ ਉਸ ਨੂੰ ਪੁੱਛਿਆ ਸੀ-" ਇਹ ਆਪਣੀ ਹੈ ?" ਉਸ ਨੇ ਮੁਸਕਰਾਉਂਦੇ ਹੋਏ ਜਵਾਬ ਦਿੱਤਾ ਸੀ-" ਜੀ, ਮੈਂ ਹੀ ਇਹ ਨਿਮਾਣਾ ਜਿਹਾ ਯਤਨ ਕੀਤਾ ਹੈ।" ਮੈਨੂੰ ਲੱਗਾ ਕਿ ਇਹ ਬੰਦਾ ਸਿਰੜੀ ਹੈ, ਮਿਹਨਤੀ ਹੈ,ਸੰਘਰਸ਼ੀ ਪਿਛੋਕੜ ਵਾਲਾ ਅਤੇ ਕਰੜੀ ਹੱਡੀ ਦਾ ਬਣਿਆ ਹੋਇਆ ਹੈ। ਯਾਨੀ ਕਿ ਐਨ ਉਹੋ ਜਿਹਾ, ਜਿਹੋ ਜਿਹਾ ਗ਼ਜ਼ਲ ਲਿਖਣ ਲਈ ਚਾਹੀਦਾ ਹੈ। ਉਹ ਦਿਨ ਅਤੇ ਆਹ ਦਿਨ (ਇਹ ਗੱਲ ਕਾਫ਼ੀ ਪੁਰਾਣੀ ਹੈ) ਉਸ ਪਿੱਛੇ ਭੌਂ ਕੇ ਨਹੀਂ ਵੇਖਿਆ। ਢਿੱਡ ਦੇ ਝੁਲਕੇ ਲਈ ਤਾਂ ਉਸ ਕਈ ਕੁਝ ਕੀਤਾ ਹੈ, ਕਈ ਕਿੱਤੇ ਬਦਲੇ ਹਨ, ਪਰ ਮਨ ਦੀ ਰਾਹਤ ਲਈ ਉਸ ਨੇ ਗ਼ਜ਼ਲ ਨੂੰ ਹੀ ਸੀਨੇ ਨਾਲ ਲਾਈ ਰੱਖਿਆ ਹੈ।

ਕੌੜੇ ਕਸੈਲੇ ਤਜ਼ਰਬੇ ਅਤੇ ਉੱਚੀਆਂ ਨੀਵੀਆਂ ਥਾਵਾਂ ਨੇ ਤੋੜਿਆ ਨਹੀਂ ਸਗੋਂ ਨਵਾਂ ਉਤਸ਼ਾਹ ਦਿੱਤਾ ਹੈ। ਉਸ ਦੀ ਇਹ ਪੁਸਤਕ ਹੀ ਇਸ ਸਭ ਕਾਸੇ ਦੀ ਗਵਾਹ ਹੈ। ਅੱਜ ਉਸ ਦੀ ਗ਼ਜ਼ਲ ਵਿਚ ਦਰਦ ਹੈ, ਸੋਜ਼ ਹੈ, ਖ਼ਿਆਲਾਂ ਦੀ ਬੁਲੰਦੀ ਹੈ, ਗ਼ਜ਼ਲੀਅਤ ਹੈ। ਇਹ ਸਾਰਾ ਕੁਝ ਹੀ ਉਸ ਦੇ ਇਕ ਵਧੀਆ ਗ਼ਜ਼ਲਗੋ ਹੋਣ ਦੀ ਨਿਸ਼ਾਨੀ ਹੈ। ਸਰਲ ਅਤੇ ਅਸਾਨ ਭਾਸ਼ਾ, ਵਧੀਆ ਸ਼ਬਦ-ਚੋਣ, ਮੁਹਾਵਰੇਦਾਰੀ ਅਤੇ ਬਹਿਰਾਂ ਦਾ ਨਿਭਾਅ ਉਸ ਦੀ ਗ਼ਜ਼ਲ ਦੇ ਹੋਰ ਗੁਣ ਹਨ। ਸਹਿਜੇ ਸਹਿਜੇ ਗੱਲ ਕਰਦਾ ਪੋਲੇ ਪੋਲੇ ਪੱਬ ਧਰਦਾ ਉਹ ਕਿਵੇਂ ਦਿਲ ਤੇ ਛਾ ਜਾਂਦਾ ਹੈ, ਇਸ ਦਾ ਪਤਾ ਹੀ ਨਹੀਂ ਲੱਗਦਾ। ਗ਼ਜ਼ਲ ਦੇ ਵੱਖ ਵੱਖ ਸ਼ੇਅਰਾਂ ਦੀ ਰੰਗਤ ਅਤੇ ਉਨ੍ਹਾਂ ਦੇ ਵੱਖਰੇ ਵੱਖਰੇ ਭਾਵ ਸਾਨੂੰ ਇਹ ਸੋਚਣ ਅਤੇ ਸਮਝਣ ਲਈ ਮਜਬੂਰ ਕਰਦੇ ਹਨ ਕਿ ਗ਼ਜ਼ਲ ਹੁੰਦੀ ਕੀ ਹੈ ਅਤੇ ਇਸ ਦਾ ਸੁਭਾਅ ਕੈਸਾ ਹੈ। ਜ਼ਰਾ ਵੇਖੋ-

ਜ਼ਮਾਨੇ ਭਰ ਨੂੰ ਕਹਿੰਦੇ ਹਾਂ ਕਿ ਅਪਣੇ ਰੂ-ਬ-ਰੂ ਹੋਵੋ,  
ਮਗਰ ਔਖਾ ਜਿਹਾ ਲਗਦਾ ਹੈ ਅਪਣੇ ਰੂ-ਬ-ਰੂ ਹੋਣਾ।

ਜ਼ਰਾ ਸਮਾਜਵਾਦੀ ਸ਼ੇਅਰ ਦੇਖੋ-

ਨਹੀਂ ਕਬੂਲ ਕਿ ਨੱਚੀਏ ਇਸ਼ਾਰਿਆਂ ਉੱਤੇ।  
ਕਿ ਸਾਨੂੰ ਮਾਣ ਹੈ ਹੱਥਾਂ ਕਰਾਰਿਆਂ ਉੱਤੇ।

ਕੁਝ ਸਚਾਈਆਂ ਵੇਖੋ-

ਜਾਲ ਸ਼ਿਕਾਰੀ ਪਾਉਣਾ ਹੁੰਦੈ, ਚੋਗਾ ਵੀ ਦਿਖਲਾਉਣਾ ਹੁੰਦੈ,  
ਲਾਲਚ ਦੇ ਵਿਚ ਆਏ ਪੰਛੀ, ਆਪੇ ਹੀ ਨੇ ਫ਼ਸਦੇ ਯਾਰਾ।

ਜਾਂ

ਜੋ ਜ਼ਖ਼ਮ ਖਾਏਗਾ ਕੰਡਿਆਂ 'ਚ ਰਹਿ ਕੇ, ਫੁੱਲਾਂ ਤੋਂ,  
ਕਿਵੇਂ ਨ ਹਰ ਜਗ੍ਹਾ ਉਹ ਸ਼ਖ਼ਸ ਮੁਸਕਰਾਏਗਾ ?

ਬਿਰਹਾ ਭਰੇ ਕੁਝ ਸ਼ੇਅਰ ਵੇਖੋ-

ਕਿਸ ਦਿਲ 'ਚ ਨਹੀਂ ਹੁੰਦੀ ਤੜਪ ਸੋਹਣਿਆਂ ਖ਼ਤਿਰ,  
ਹੋਇਆ ਜੇ ਕਿਤੇ ਮੇਲ, ਮਚਲ ਜਾਏਂਗਾ ਤੂੰ ਵੀ

ਜਾਂ

ਪੀੜਾਂ ਚੱਲ ਕੇ ਆਈਆਂ ਕਿਸ ਦੀ ਖ਼ਬਰ ਲਈ,  
ਬਿਰਹਾ ਨੇ ਉਠ ਤੇਲ ਬਰੂੰਹੀਂ ਚੋਇਆ ਹੈ।

ਜਾਂ

ਕਹੀਂ ਨਾ ਚਾਰ ਅੱਖਰ ਹੀ ਲਿਖੇ ਹਨ।  
ਮੁਹੱਬਤ ਹੈ, ਤਾਂ ਏਨੇ ਹੀ ਬੜੇ ਹਨ।

ਕੁਝ ਹੋਰ ਕਿਸਮਾਂ ਦੇ ਸ਼ੇਅਰ ਹਨ-

ਮੈਂ ਸ਼ੀਸ਼ੇ ਵਾਂਗ ਟੁੱਟ ਕੇ ਬਿਖ਼ਰ ਜਾਵਾਂ ਇਹ ਤਾਂ ਹੋ ਸਕਦੈ,  
ਮਗਰ ਮੈਂ ਖ਼ਾਬ ਵਿਚ ਵੀ ਪਾਰਾ ਪਾਰਾ ਹੋ ਨਹੀਂ ਸਕਦਾ।

ਕੋਈ ਤੈਨੂੰ ਕਹੇ ਸਾਹਿਬ, ਕੋਈ ਤੈਨੂੰ ਕਹੇ ਫ਼ੱਕਰ,  
ਮਗਰ ਦੁਖ-ਸੁਖ 'ਚ ਤੂੰ ਸਾਡੇ ਤੋਂ ਨਿਆਰਾ ਹੋ ਨਹੀਂ ਸਕਦਾ।

ਨ ਸਮਝੋ ਮੈਨੂੰ ਇਕ ਜੁਗਨੂੰ, ਜੋ ਫੜ ਕੇ ਮਸਲ ਸੁੱਟੋਗੇ,
ਮੈ ਸਗਵਾਂ ਦਹਿਕਦਾ ਸੂਰਜ, ਕਦੇ ਵੀ ਠਰ ਨਹੀਂ ਸਕਦਾ।

ਕਿਸ ਹਾਕਮ ਨੇ ਸੱਚਿਆਂ ਤਾਂਈ, ਫਾਹੇ ਟੰਗਿਆ ਨਾ,
ਕਿਸ ਹਾਕਮ ਦੇ ਕੋਲੋਂ ਅੱਜ ਤਕ, ਹੋਇਆ ਸੱਚ ਦਾ ਨਾਸ ?

ਜਿਸ ਨੂੰ ਅਪਣੀ ਮਾਂ-ਬੋਲੀ ਦੀ, ਮਿੱਠਤ ਦਾ ਅਹਿਸਾਸ ਨਹੀਂ,
ਸੱਥ ਵਿਚ ਬਹਿ ਕੇ ਚਰਚਾ ਕਰਦੈ, ਓਹੀ ਹੋਰ ਜ਼ੁਬਾਨਾਂ ਦਾ।

ਰਾਂਝਾ ਜੇ ਪਾਲੀ ਹੋਇਆ, ਕੀ ਅਹਿਸਾਨ ਹੀਰ ਤੇ,
ਹਰ ਕੋਈ ਆਪਣੀ ਗ਼ਰਜ਼ ਨੂੰ ਕਰਦੈ "ਮਜਬੂਰੀਆਂ"।

ਜੀਵਨ ਦੇ ਖ਼ਜਾਨੇ ਵਿਚ, ਇਕ ਪੀੜ ਅਜੇਹੀ ਹੈ,
ਹੱਸਾਂ ਤਾਂ ਰੁਆ ਦੇਵੇ, ਰੋਵਾਂ ਤਾਂ ਹਸਾ ਦੇਵੇ।

ਤੀਲੇ ਮੇਰੀ ਝੁੱਗੀ ਦੇ ਮਚਣੋਂ ਅਜੇ ਬਾਕੀ ਹਨ,
ਕਹਿ ਦੇਵੋ ਹਵਾ ਤਾਈਂ, ਕੁਝ ਹੋਰ ਹਵਾ ਦੇਵੇ।

ਇਤਬਾਰ ਭਾਵੇਂ ਹੈ ਨਹੀਂ, ਅਜ ਕਲ ਕਿਸੇ ਦਾ ਫੇਰ ਵੀ,
ਬੰਦੇ ਨੂੰ ਦਿੰਦੇ ਜੀਣ ਨਾ, ਬੰਦੇ ਦੇ ਅਪਣੇ ਸ਼ੱਕ ਵੀ।

ਇਕ ਮਾਡਰਨ ਸ਼ੇਅਰ ਵੇਖੋ-

ਪੰਡਿਤ ਨਹੀਂ ਨਾ ਭਾਈ ਤੂੰ, ਮੁੱਲਾਂ ਨਹੀਂ ਨਾ ਸ਼ੈਖ਼ ਤੂੰ,
ਐ "ਦੀਪ" ਕਾਹਤੋਂ ਝਿਜਕਦੈਂ, ਤੂੰ ਜਾਮ ਅਪਣਾ ਚੱਕ ਵੀ।

ਇਹ ਭਾਂਤ-ਸੁਭਾਂਤੇ ਸ਼ੇਅਰ ਦੇਣ ਦਾ ਮੇਰਾ ਮਨਸ਼ਾ ਇਹ ਸੀ ਕਿ ਗ਼ਜ਼ਲ ਦੀ ਪਰਪੱਕਤਾ, ਇਸ ਦੇ ਨਿਭਾਅ ਅਤੇ ਡੂੰਗਾਈ ਦਾ ਹਿਸਾਬ ਕੁਝ ਹੱਦ ਤੱਕ ਵੇਖਿਆ ਜਾ ਸਕੇ। ਇਹਨਾਂ ਤੋਂ ਇਹ ਪਰਤੱਖ ਹੈ ਕਿ ਗੁਰਦੀਪ ਭਾਟੀਆ ਦੀ ਗ਼ਜ਼ਲ ਬੜੀ ਹੀ ਉੱਚ-ਪੱਧਰੀ ਅਤੇ ਉਦਾਹਰਣ ਦੇਣ ਯੋਗ ਹੈ। ਇਹੋ ਜਿਹੇ ਕੁਝ ਹੋਰ ਸ਼ਾਇਰਾਂ ਕਰਕੇ ਅੱਜ ਲਗਦਾ ਹੈ ਕਿ ਪੰਜਾਬੀ ਗ਼ਜ਼ਲ ਦਾ ਭਵਿਖ ਰੌਸ਼ਨ ਹੈ, ਧੁੰਦਲਕੇ ਵਿੱਚੋਂ ਇਹ ਨਿੱਖਰ ਕੇ ਬਾਹਰ ਆ ਚੁੱਕੀ ਹੈ ਅਤੇ ਸੁਚੱਜੇ ਹੱਥਾਂ ਵਿਚ ਪੁੱਜ ਗਈ ਹੈ ਜਿੱਥੋਂ ਹੁਣ ਬਹੁਤ ਚੰਗੀਆਂ ਆਸਾਂ ਹੋ ਸਕਦੀਆਂ ਹਨ। ਮੈਂ ਉਸ ਦੇ ਬਹੁਤੇ ਸ਼ੇਅਰਾਂ ਦੀ ਚੀਰ-ਫਾੜ ਨਾ ਕਰਦਾ ਹੋਇਆ ਇਹੀ ਕਹਿਣਾ ਚਾਹੁੰਦਾ ਹਾਂ ਕਿ ਗੁਰਦੀਪ ਦੀ ਗ਼ਜ਼ਲ ਦਾ ਰੰਗ-ਰੂਪ ਅਤੇ ਹਾਵ-ਭਾਵ ਦੋਵੇਂ ਹੀ ਵਧੀਆ ਹਨ। ਭਵਿੱਖ ਨਿਚ ਉਸ ਤੋਂ ਹੋਰ ਚੰਗੇਰੀ ਆਸ ਹੈ। ਪੁਸਤਕ ਪਾਠਕਾਂ ਤੱਕ ਪੁਚਾਉਣ ਲਈ ਉਸ ਦੇ ਯਤਨਾਂ ਦੀ ਵੀ ਸ਼ਲਾਘਾ ਕਰਦਾ ਹਾਂ।

ਭਰਪੂਰ ਆਸਾਂ ਨਾਲ,

ਹਰਭਜਨ ਸਿੰਘ ਬਟਾਲਵੀ
297-ਮਸਟਰ ਤਾਰਾ ਸਿੰਘ ਨਗਰ,
ਜਲੰਧਰ
ਫ਼ੋਨ.230264

ਮਿਤੀ.28.8.98.

# ਮੇਰਾ ਯਾਰ ਗੁਰਦੀਪ ਭਾਟੀਆ ''ਦੀਪ''

ਮੈਂ ਗੁਰਦੀਪ ਭਾਟੀਆ ਨੂੰ ਉਸ ਦੀ ਬਿਲਕੁਲ ਅੱਲ੍ਹੜ ਉਮਰ ਤੋਂ ਜਾਣਦਾ ਹਾਂ। ਉਦੋਂ ਉਹ ਆਪਣੀ ਗੋਤ "ਭਾਟੀਆ" ਨੂੰ ਹੀ ਤਖ਼ੱਲਸ ਦੇ ਤੌਰ ਤੇ ਵਰਤਿਆ ਕਰਦਾ ਸੀ। "ਦੀਪ" ਉਪਨਾਮ ਤਾਂ ਉਸ ਨੂੰ ਡਾ. ਸਾਧੂ ਸਿੰਘ ਹਮਦਰਦ ਨੇ ਲਾਡ ਨਾਲ ਦਿੱਤਾ ਸੀ, ਜੋ ਭਾਟੀਆ ਨੇ ਤਗਮੇ ਵਾਂਗ ਆਪਣੇ ਦਿਲ ਤੇ ਅਤੇ ਕਲਗੀ ਵਾਂਗ ਆਪਣੀ ਦਸਤਾਰ ਤੇ ਸਜਾ ਲਿਆ। ਹਮਦਰਦ "ਦੀਪ" ਨੂੰ ਆਪਣੇ ਪੁੱਤਰਾਂ ਸਮਾਨ ਹੀ ਸਮਝਿਆ ਕਰਦਾ ਸੀ। ਮੈਨੂੰ ਯਾਦ ਹੈ ਜਦ ਦੀਪ ਨੇ ਮਲੇਰ ਕੋਟਲੇ ਇੱਕ ਵੱਡਾ ਸਾਹਿਤਕ ਸਮਾਗਮ ਰੱਖ ਲਿਆ, ਜਿਸ ਦੀ ਪ੍ਰਧਾਨਗੀ ਡਾ. ਹਮਦਰਦ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਪ੍ਰਕਾਸ਼ ਕੌਰ ਨੇ ਕਰਨੀ ਸੀ। ਸਾਰੇ ਮਲੇਰ ਕੋਟਲੇ ਦੇ ਸਾਹਿਤਕ ਹਲਕਿਆਂ ਵਿੱਚ ਦੀਪ ਦਾ ਮੌਜੂ ਉਡਾਇਆ ਗਿਆ ਕਿ ਇੱਕ "ਫੇਰੀ ਲਾਉਣ ਵਾਲੇ" ਦੇ ਸਮਾਗਮ ਵਿਚ ਹਮਦਰਦ ਨਾ ਆਇਆ। ਪਰ ਸਦਕੇ ਜਾਈਏ ਦੀਪ ਦੇ ਸਿਦਕ ਦੇ ਤੇ ਹਮਦਰਦ ਦੇ ਵਾਅਦਾ ਨਿਭਾਉਣੀ ਫ਼ਿਤਰਤ ਦੇ ਕਿ ਪ੍ਰੋਗਰਾਮ ਸਾਢੇ ਨੌਂ ਵਜੇ ਸ਼ੁਰੂ ਹੋਣਾ ਸੀ ਤੇ ਹਮਦਰਦ ਹੁਰੀਂ ਸਾਢੇ ਅੱਠ ਵਜੇ ਹੀ ਆਪਣੇ ਲਾਓ-ਲਸ਼ਕਰ ਨਾਲ ਦੀਪ ਦਾ ਘਰ ਲੱਭਦੇ ਫਿਰ ਰਹੇ ਸਨ।

ਮੈਨੂੰ ਇਹ ਵੀ ਯਾਦ ਹੈ, ਜਦੋਂ ਅਸੀਂ ਪਹਿਲੀ ਵਾਰ 1975 ਵਿਚ "ਅਰਸ਼ਦੀਪ" ਮਾਸਿਕ ਪੱਤਰ ਸ਼ੁਰੂ ਕੀਤਾ ਸੀ। ਪਰਚਾ ਸੰਪਾਦਤ ਕਰਦੇ ਸਮੇਂ ਕਈ ਵਾਰ ਸੰਪਾਦਕ ਦੀਆਂ ਮਜਬੂਰੀਆਂ ਗ਼ੈਰਤਮੰਦ ਲੇਖਕਾਂ ਦੀਆਂ ਭਾਵਨਾਵਾਂ ਨੂੰ ਚੋਟ ਪਹੁੰਚਾ ਜਾਂਦੀਆਂ ਹਨ। ਦੀਪ ਨਾਲ ਵੀ ਸਾਡੇ ਵੱਲੋਂ ਕੁਝ ਐਸਾ ਹੀ ਵਾਪਰ ਗਿਆ ਮੈਂ ਵੇਖਿਆ ਹੈ, ਬੜੇ ਬੜੇ ਲੇਖਕ ਵੀ ਸੰਪਾਦਕ ਦੀ ਵਧੀਕੀ ਨੂੰ ਮਾਂ ਦਾ ਦੁੱਧ ਸਮਝ ਕੇ ਪੀ ਜਾਂਦੇ ਹਨ ਪਰ ਦੀਪ ਨੇ ਐਸੀ ਅਣਖ ਭਰੀ ਚਿੱਠੀ ਲਿਖੀ ਜਿਸ ਨੇ ਮੈਨੂੰ ਸਦਾ ਵਾਸਤੇ ਉਸ ਦਾ ਮਦਾਹ ਬਣਾ ਦਿੱਤਾ ਤੇ ਅੱਜ ਤੱਕ ਮੈਂ ਉਸ ਦੇ ਅਣਖੀ ਸੁਭਾਅ ਦਾ ਕਾਇਲ ਹਾਂ। ਮੇਰੀ ਤੇ ਦੀਪ ਦੀ ਦੋਸਤੀ ਦਾ ਰਾਜ਼ ਵੀ ਸਾਡੀ ਅਣਖੀ-ਸਾਂਝ ਹੀ ਹੈ।

ਦੀਪ ਨੇ ਕਦੀ ਹਲਕੇ ਜਾਂ ਬੇ-ਵਜ਼ਨੇ ਸ਼ਿਅਰ ਕਹੇ ਹੋਣਗੇ, ਮੈਨੂੰ ਯਾਦ ਨਹੀਂ। ਉਹ ਸਦਾ ਬੁਲੰਦ ਪਰਵਾਜ਼ ਅਤੇ ਸਮ-ਤੋਲ ਵਜ਼ਨ ਲੈ ਕੇ ਹੀ ਪਾਠਕਾਂ / ਸਰੋਤਿਆਂ ਦੇ ਰੂ-ਬ-ਰੂ ਹੋਇਆ ਹੈ। ਇਸ ਪ੍ਰਾਪਤੀ ਵਿੱਚ ਉਸ ਦੇ ਮਾਣਯੋਗ ਉਸਤਾਦ ਜਨਾਬ ਸੁਦਰਸ਼ਨ ਕੰਵਲ ਜੀ, ਮਲੇਰ ਕੋਟਲੇ ਵਾਲੇ, ਜਿਨ੍ਹਾਂ ਨੂੰ ਲੋਕ ਪਿਆਰ ਨਾਲ "ਸ਼ਇਰ ਸਾਹਿਬ" ਕਹਿੰਦੇ ਹਨ, ਦਾ ਹੱਦੋਂ ਵੱਧ ਯੋਗਦਾਨ ਹੈ। ਦੀਪ ਦੱਸਦਾ ਹੈ ਕਿ ਜਦ ਵੀ ਉਸ ਨੇ ਆਪਣੇ ਉਸਤਾਦ ਜੀ ਨੂੰ ਗ਼ਜ਼ਲ ਸੁਨਾਉਣੀ ਉਹਨਾਂ ਨੇ ਬੜੇ ਧਿਆਨ ਨਾਲ ਸੁਣਨੀ, ਪਰ ਨਾਲ ਹੀ ਕਹਿ ਦੇਣਾ "ਇਸ ਨੂੰ ਪਾੜ ਦੇ, ਹੋਰ ਲਿਖ।" ਬੇਸ਼ਕ ਦੀਪ ਨੇ ਮਨ ਵਿਚ ਮਹਿਸੂਸ ਕਰਨਾ ਕਿ ਦੋਸਤਾਂ ਵੱਲੋਂ ਐਨੀ ਸਲਾਹੀ ਜਾਣ ਵਾਲੀ ਗ਼ਜ਼ਲ ਨੂੰ "ਪਾੜ ਦੇਣ" ਵਾਸਤੇ ਕਿਉਂ ਕਿਹਾ ਜਾ ਰਿਹਾ ਹੈ, ਪਰ ਉਸਨੇ ਉਹ ਗ਼ਜ਼ਲ ਪਾੜ ਦੇਣੀ ਤੇ ਹੋਰ ਗ਼ਜ਼ਲ ਉਸ ਤੋਂ ਵੀ ਵੱਧ ਮਿਹਨਤ ਅਤੇ ਚੌਕਸੀ ਨਾਲ ਲਿਖਣੀ, ਭਾਵੇਂ ਅੰਜਾਮ ਉਸ ਦਾ ਵੀ ਉਹੋ ਹੀ ਹੋਣਾ। ਇਸ ਮੁਸੱਲਸਲ ਰਿਆਜ਼ ਦੀ ਕੁਠਾਲੀ ਨੇ ਦੀਪ ਦੀ ਗ਼ਜ਼ਲ ਨੂੰ ਕੁੰਦਨ ਬਣਾ ਕੇ ਹੀ ਗ਼ਜ਼ਲ-ਖੇਤਰ ਵਿਚ ਪ੍ਰਵੇਸ਼ ਕਰਵਾਇਆ। ਜਿਸ ਕਾਰਨ ਸ਼ੁਰੂ ਤੋਂ ਹੀ ਗ਼ਜ਼ਲਗੋਆਂ ਵਿੱਚ ਦੀਪ ਦਾ ਠੁੱਕ ਬੱਝ ਗਿਆ।

ਦੀਪ ਦੇ ਸ਼ਿਅਰ ਹਮੇਸ਼ਾ ਖ਼ਿਆਲ, ਵਜ਼ਨ ਅਤੇ ਵਿਆਕਰਣ ਪੱਖੋਂ ਐਨ ਸੰਪੂਰਨ ਹੁੰਦੇ ਹਨ। ਉਸ ਦੀ ਗ਼ਜ਼ਲ ਦਾ ਮੀਰੀ-ਗੁਣ ਸਪਸ਼ਟਤਾ ਤੇ ਸਾਦਗੀ ਹੈ। ਮੈਂ ਕਈ ਵਾਰ ਉਸ ਨੂੰਕਹਿ ਚੁੱਕਿਆ ਹਾਂ ਕਿ "ਸੁਲਗਦੇ ਅਹਿਸਾਸ" ਛਪ ਜਾਣ ਪਿੱਛੋਂ ਇਸ ਪਾਏ ਦਾ ਹੋਰ ਗ਼ਜ਼ਲ-ਸਗ੍ਰਹਿ ਪੰਜਾਬੀ ਸਾਹਿਤ ਵਿੱਚੋਂ ਲੱਭਣਾ ਮੁਸ਼ਕਿਲ ਹੋ ਜਾਵੇਗਾ। ਇਸ ਦਾ ਉਹ ਹਮੇਸ਼ਾਂ ਇਹੋ ਹੀ ਉੱਤਰ ਦਿੰਦਾ ਹੈ ਕਿ ਤੁਹਾਡੀ ਸੰਗਤ ਦਾ ਹੀ ਫਲ ਹੈ।

ਪਿੱਛੇਜਿਹੇ ਇਕ ਬਹੁਤ ਹੀ ਪਿਆਰੇ ਵਿਦਵਾਨ ਦੋਸਤ ਨੇ ਦੀਪ ਨੂੰ ਕਿਹਾ ਕਿ ਕੁਝ ਲਫ਼ਜ਼ ਏਧਰ ਓਧਰ ਕਰ ਲਿਆ ਕਰ, ਤੇਰੇ ਸ਼ਿਅਰ ਤਾਂ ਬਿਲਕੁਲ ਵਾਰਤਕ ਵਰਗੇ ਹੀ ਹੁੰਦੇ ਨੇ। ਜਦ ਦੀਪ ਨੇ ਇਹ ਗੱਲ ਮੈਨੂੰ ਦੱਸੀ ਤਾਂ ਮੇਰੇ ਮੂੰਹੋਂ ਇੱਕ ਦਮ ਨਿਕਲਿਆ-"ਬਸ ਬਸ ਬਸ, ਸਾਨੂੰ ਇਹੋ ਹੀ ਰੀਮਾਰਕਸ ਚਾਹੀਦੇ ਸਨ। ਇਹ ਤੇਰੇ ਸ਼ਿਅਰਾਂ ਲਈ ਸਨਦ ਹੋ ਗਈ ਅਸਲ ਸ਼ਾਇਰੀ ਹੈ ਹੀ ਉਹੀ ਜੋ ਵਜ਼ਨ, ਬਹਿਰ,ਕਾਫ਼ੀਆ, ਰਦੀਫ਼ਆਦਿ ਅਰੂਜ਼ ਤੇ ਪਿੰਗਲ ਦੀਆਂ ਸਾਰੀਆਂ ਬੰਧਸ਼ਾਂ ਵਿੱਚ ਪੂਰੀ ਉੱਤਰਦੀ ਹੋਈ ਵੀ ਵਾਰਤਕ ਵਰਗੀ ਸਰਲ ਤੇ ਵਿਆਕਰਣ ਪੱਖੋਂ ਬਿਲਕੁਲ ਵਾਰਤਕ ਜਿੰਨੀ ਹੀ ਸਹੀ ਹੋਵੇ। ਦੀਪ, ਤੂੰ ਸ਼ਾਇਰੀ ਵਿੱਚੋਂ ਪਾਸ ਹੀ ਨਹੀਂ ਹੋਇਆ, ਸਗੋਂ ਮੈਂ ਸਮਝਦਾ ਹਾਂ ਕਿ 'ਗੋਲਡ-ਮੈਡਲਿਸਟ' ਹੋ ਗਿਆ ਹੈਂ।" ਉਸ ਦੇ ਕੁਝ ਸ਼ਿਅਰ ਵਨਗੀ ਦੇ ਤੌਰ ਤੇ ਵੇਖੋ-

ਕਹੀਂ ਨਾ, ਚਾਰ ਅੱਖਰ ਹੀ ਲਿਖੇ ਨੇ।
ਮੁਹੱਬਤ ਹੈ ਤਾਂ ਏਨੇ ਹੀ ਬੜੇ ਨੇ।

ਝੂਠ ਨੂੰ ਝੂਠ ਕਿਹਾ,ਉਸ ਨੂੰ ਬੁਰਾ ਲਗਦਾ ਹੈ।
ਮੈਨੂੰ ਉਹ ਵਕਤ ਦੀ ਸਰਕਾਰ ਜਿਹਾ ਲਗਦਾ ਹੈ।

ਚੜ੍ਹਦੀ ਸਵੇਰ ਦੇ ਗਈ ਅਖ਼ਬਾਰ, ਦੇਖੀਏ!
ਕੀ ਕੀ ਹਨੇਰ ਪਾ ਰਿਹੈ ਸੰਸਾਰ, ਦੇਖੀਏ!

ਇਹਨਾਂ ਸ਼ਿਅਰਾਂ ਦੇ ਖ਼ਿਆਲਾਂ ਨੂੰ ਜੇ ਵਾਰਤਕ ਵਿਚ ਵੀ ਲਿਖਣਾ ਹੋਵੇ ਤਾਂ ਆਪਾਂ ਇਸ ਵਿੱਚ ਕੀ ਤਬਦੀਲੀ ਕਰ ਸਕਾਂਗੇ ? ਬਸ, ਇਹ ਗੁਣ ਸ਼ਾਇਰੀ ਦਾ ਸਿਖ਼ਰ ਹੈ, ਜੋ ਦੀਪ ਨੇ ਪ੍ਰਾਪਤ ਕਰ ਲਿਆ ਹੈ।

ਭਾਟੀਏ ਨੇ ਬੇਸ਼ਕ ਅਜੇ ਤੱਕ ਕੋਈ ਬਾ-ਕਾਇਦਾ ਸ਼ਾਗਿਰਦ ਤਾਂ ਨਹੀਂ ਮੁੰਨਿਆਂ, ਪਰ ਉਹ ਆਪਣੇ ਪਾਸ ਮਿਲਨ ਆਏ ਨੌਜਵਾਨ ਸ਼ਇਰਾਂ ਨੂੰ ਸਹੀ ਸੇਧ ਦੇਣ ਤੋਂ ਕਦੀ ਨਹੀਂ ਉੱਕਦਾ। ਕਈ ਵਾਰ ਜਦੋਂ ਅੱਜ ਦੇ ਕਮ-ਚੋਰ ਸ਼ਾਇਰ ਮੁਫ਼ਤ ਮਿਲੀ 'ਅਕਲ' ਨੂੰ ਵੀ ਲੈਂਣ ਤੋਂ ਆਨਾ-ਕਾਨੀ ਕਰਦੇ ਹਨ ਅਤੇ ਇਸ ਦਾ ਮਨ ਹੀ ਮਨ ਵਿੱਚ ਬੁਰਾ ਮਨਾਉਂਦੇ ਹਨ ਤਾਂ ਭਾਟੀਆ ਆਪ-ਮੁਹਾਰੇ ਕਹਿ ਰਹਿ ਉੱਠਦਾ ਹੈ-

ਹਰਿਕ ਸ਼ਾਇਰ ਦੀ ਕੌੜੀ ਅੱਖ, ਰਹਿੰਦੀ ਹੈ ਮੇਰੇ ਵੱਲ ਹੀ,
ਬੜਾ ਮਹਿੰਗਾ ਪਿਐ ਮੈਨੂੰ ਗ਼ਜ਼ਲ ਦਾ ਪਾਰਖੂ ਹੋਣਾ।

ਬੇ-ਗੁਰੇ ਸ਼ਾਇਰ, ਜਿਨ੍ਹਾਂ ਆਪ ਕਿਸੇ ਉਸਤਾਦ ਨੂੰ ਉਸਤਾਦ ਨਹੀਂ ਮੰਨਿਆਂ, ਪਰ ਆਪ ਨੌਜਵਾਨ ਸ਼ਾਇਰਾਂ ਤੋਂ ਗੋਡੀਂ ਹੱਥ ਲਵਾਉਣ ਦੀ ਲਾਲਸਾ ਰੱਖਦੇ ਹਨ, ਉਹਨਾਂ ਬਾਰੇ ਭਾਟੀਏ ਦੇ ਵਿਅੰਗ ਦੇ ਤੀਰ ਬੜੇ ਕਾਟਵੇਂ ਹੁੰਦੇ ਹਨ। ਜਿਵੇਂ.-

ਅਜੋਕੇ ਦੌਰ ਵਿਚ ਕੋਈ ਵੀ ਸ਼ਿਸ਼ ਬਣਨਾ ਨਹੀਂ ਚਾਹੁੰਦਾ,
ਜਦੋਂ ਕਿ ਲੋਚਦੈ ਹਰ ਕੋਈ, ਹਰ ਇਕ ਦਾ ਗੁਰੂ ਹੋਣਾ।

ਮੈਂ ਆਪ1980 ਤੋਂ 1992 ਤੱਕ ਸਾਹਿਤਕ ਖੇਤਰ ਵਿੱਚੋਂ ਗਾਇਬ ਰਿਹਾ ਹਾਂ। ਆਪਣੀ ਰਹਾਇਸ਼ ਵੀ "204-ਚੱਕ ਹੁਸੈਨਾ, ਜਲੰਧਰ "ਤੋਂ "421-ਦਕੋਹਾ, ਜ਼ਿਲਾ ਜਲੰਧਰ" ਵਿਖੇ ਲਿਆ ਕੇ ਮੈਂ "ਸੰਧੂ ਦੇ ਘਰ ਨੂੰ ਸਰਾਂ" ਸਮਝਣ ਵਾਲੇ ਸਵਾਰਥੀ ਦੋਸਤਾਂ ਤੋਂ ਖਹਿੜਾ ਛੁਡਾ ਲਿਆ ਸੀ। ਪਰ 1990 ਦੇ ਕਰੀਬ ਇੱਕ ਦਿਨ ਦੀਪ ਆਪਣੇ ਦੋਹਾਂ ਬੱਚਿਆਂ ਨਾਲ, ਦਕੋਹੇ ਦੇ ਹੀ ਗੁਆਂਢੀ ਪਿੰਡ, ਢਿਲਵਾਂ ਵਿਚ ਸਕੂਟਰ ਤੇ ਜਾਂਦਾ ਮਿਲ ਪਿਆ। ਮੈਨੂੰ ਐਨੀ ਖ਼ੁਸ਼ੀ ਹੋਈ ਜਿਵੇਂ ਮੈਨੂੰ ਕੋਈ ਬੜੀ ਹੀ ਦੁਰ-ਲੱਭ ਚੀਜ਼ ਮਿਲ ਗਈ ਹੋਵੇ। ਜਦੋਂ ਦੀਪ ਨੇ ਦੱਸਿਆ

ਕਿ ਉਹ ਢਿੱਲਵਾਂ ਵਿਚ ਹੀ ਡਾਕਟਰੀ ਦੀ ਪ੍ਰੈਕਟਿਸ ਕਰ ਰਿਹਾ ਹੈ, ਤਾਂ ਮੈਂ ਦੰਗ ਰਹਿ ਗਿਆ ਕਿ ਬਦੇਛੇ ਪਿੰਡ ਅਤੇ ਮਲੇਰ ਕੋਟਲੇ ਵਿਚ ਪਰਚੂਨ, ਬਜਾਜੀ ਆਦਿ ਦੀ ਦੁਕਾਨ ਕਰਦਾ ਕਰਦਾ ਉਹ ਡਾਕਟਰ ਕਿਵੇਂ ਬਣ ਗਿਆ ? ਪਰ ਇਹ ਵੀ ਦੀਪ ਦੇ ਦ੍ਰਿੜ-ਇਰਾਦੇ ਦਾ ਹੀ ਕ੍ਰਿਸ਼ਮਾ ਕਹਿ ਲਵੋ ਕਿ ਉਸ ਦਾ ਰੋਟੀ-ਰੋਜ਼ੀ ਦੇ ਮਸਲੇ ਵਿੱਚ ਜਿੱਥੇ ਵੀ ਨਹੁੰ ਅੜਿਆ, ਉਸ ਨੇ ਓਥੋਂ ਹੀ ਉੱਪਰ ਵੱਲ ਚੜ੍ਹਨ ਦੀ ਹਰ ਸੰਭਵ ਕੋਸ਼ਿਸ ਕੀਤੀ ਤੇ ਸਫਲ ਵੀ ਹੋਇਆ।

ਅਸਲ ਵਿਚ ਦੀਪ ਦੀ ਕਿਸਮਤ ਅਤੇ ਰਿਸ਼ਤੇਦਾਰਾਂ, ਦੋਸਤਾਂ ਮਿੱਤਰਾਂ ਦੀ ਠਿੱਬੀ ਨੇ ਹੀ ਉਸ ਨੂੰ ਮੇਰੇ ਗੁਆਂਢ ਲਿਆ ਸੁੱਟਿਆ ਸੀ। ਮਿੱਤਰਾਂ ਪਿਆਰਿਆਂ ਦੀ ਮਾਰੀ ਹੋਈ ਇਹ ਲੱਤ ਕੁੱਬੇ ਦਾ ਕੁੱਬ ਕੱਢ ਗਈ। ਹੁਣ ਉਸ ਕੋਲ ਆਪਣਾ ਘਰ ਹੈ। "ਕਾਮਯਾਬ ਡਾਕਟਰੀ ਕਲੀਨਿਕ" ਵੱਲੋਂ "ਭਾਟੀਆਂ" ਦੇ ਸੁਭਾਅ ਅਨੁਸਾਰ ਉਹ ਫਿਰ ਬਜਾਜੀ ਵੱਲ ਛਾਲ ਮਾਰ ਕੇ,ਆਪਣੇ ਹੋਣਹਾਰ, ਆਗਿਆਕਾਰ ਅਤੇ ਬੜੀ ਹੀ ਪਿਆਰੀ ਤਬੀਅਤ ਵਾਲੇ ਖ਼ੂਬਸੂਰਤ ਬੇਟੇ ਸੁਮੀਤ ਨਾਲ ਰਾਮਾ ਮੰਡੀ (ਜਲੰਧਰ) ਵਿਚ ਪ੍ਰਮੁੱਖ ਬਜਾਜ ਬਣਿਆ ਬੈਠਾ ਹੈ। ਪਰ ਘਰ ਛੱਡਣ ਦੀਆਂ ਕੌੜੀਆਂ ਕੁਸੈਲੀਆਂ ਯਾਦਾਂ ਨੂੰ ਉਹ ਨਾ ਭੁੱਲਾ ਸਕਿਆ ਹੈ, ਨਾ ਭੁੱਲ ਸਕੇਗਾ। ਇਸ ਸਾਰੇ ਘਟਨਾ-ਚੱਕਰ ਦੀ ਗੁਆਹੀ ਉਸ ਦੇ ਸ਼ਿਅਰ ਭਰਦੇ ਹਨ। ਜਿਵੇਂ ਕਿ-

ਸੱਤ-ਬਿਗਾਨੇ ਲੋਕਾਂ ਵਿਚ, ਤੇ ਅਪਣੇ ਘਰ ਤੋਂ ਦੂਰ,<br>
ਕੋਈ ਕਿਸੇ ਮਜਬੂਰੀ ਵੱਸ ਹੀ ਕਰਦਾ ਹੈ ਪਰਵਾਸ।

ਆਪਣੇ ਹੋ ਕੇ ਵੀ ਔਕੜ ਵੇਲੇ ਮੂੰਹ ਮੋੜ ਲੈਣ ਵਾਲੇ "ਆਪਣਿਆਂ" ਬਾਰੇ ਉਹ ਖ਼ੂਬ ਕਹਿੰਦਾ ਹੈ-

ਉਨ੍ਹਾਂ ਨੂੰ ਮੇਰਿਆਂ ਜ਼ਖ਼ਮਾਂ ਦੀ ਪੀੜ ਹੋਵੇ ਕਿਵੇਂ,<br>
ਉਹ ਸਿਰਫ਼ "ਆਪਣੇ" ਨੇ, ਦੁਖ ਸੁਖ ਦੇ ਭਾਈਵਾਲ ਨਹੀਂ।

ਦੀਪ ਬਹੁਤ ਮਿਹਨਤੀ ਸੁਭਾਅ ਦਾ ਸ਼ਖ਼ਸ ਹੈ। ਉਹ ਸੱਚ ਕਹਿੰਦਾ ਹੈ-

ਨਿਰਧਨ ਸਹੀ ਧਨ ਵਾਲਿਓ, ਬੇਕਾਰ ਨਹੀਂ ਹਾਂ।<br>
ਇਕ ਠੋਸ ਹਕੀਕਤ ਹਾਂ, ਸਮਾਚਾਰ ਨਹੀਂ ਹਾਂ।

ਦੀਪ ਨੂੰ ਬਹੁਤ ਛੋਟੀਆਂ ਛੋਟੀਅ ਕਿਰਤਾਂ ਕਰਨੀਆਂ ਪਈਆਂ ਨੇ। ਉਸ ਨੇ ਫੇਰੀ ਲਾਈ, ਕਰਿਆਨੇ ਦੀ ਦੁਕਾਨ ਕੀਤੀ, ਕਮੇਟੀਆਂ ਪਾਈਆਂ, ਲੱਕੀ ਸਕੀਮਾਂ ਚਲਾਈਆਂ, ਇਲੈਕਟਰੀਕਲ ਸ਼ੋ-ਰੂਮ ਤੋਂ ਬਾਦ ਬਜਾਜੀ ਦਾ ਕੰਮ ਕੀਤਾ, ਬਾਕਾਇਦਾ ਡਾਕਟਰੀ ਸਿੱਖਿਆ ਲਈ ਤੇ ਕਾਮਯਾਬ ਕਲੀਨਿਕ ਚਲਾਉਣ ਮਗਰੋਂ ਹੁਣ ਫਿਰ ਬਜਾਜੀ ਦੇ ਕੰਮ ਵੱਲ ਆਉਣ ਤੱਕ ਉਸ ਨੇ ਨਾ ਕਿਸੇ ਕੰਮ ਨੂੰ ਛੋਟਾ ਸਮਝ ਕੇ ਹੀਣਤਾ ਹੀ ਮਹਿਸੂਸ ਕੀਤੀ ਹੈ ਤੇ ਨਾ ਹੀ ਵੱਡੇ ਕੰਮ ਦਾ ਕਦੀ ਗ਼ਰੂਰ ਹੀ ਕੀਤਾ ਹੈ। ਉਸ ਨੇ ਤੰਗੀਆਂ-ਤੁਰਸ਼ੀਆਂ ਵਿਚ ਵੀ ਆਪਣੇ ਆਪ ਨੂੰ ਤੇ ਬੀਵੀ-ਬੱਚਿਆਂ ਨੂੰ ਇਉਂ ਹੀ ਹੌਸਲਾ ਦਿੱਤਾ ਹੈ-

"ਅਜੇ ਨਾ ਹਾਰਿਓ ਦਿਲ", ਦਿਲ ਦੀ ਬਾਤ ਕਹਿੰਦੀ ਹੈ।<br>
"ਗੁਜ਼ਰ ਹੀ ਜਾਏਗੀ, ਭੁੱਖਿਆਂ ਨੂੰ ਰਾਤ" ਕਹਿੰਦੀ ਹੈ।

ਪਰ ਦੁਖ ਤਾਂ ਦੁੱਖ ਹੈ, ਦੁੱਖ ਦਾ ਅਹਿਸਾਸ ਜੇ ਇੱਕ ਸ਼ਾਇਰ ਦੇ ਦਿਲ ਨੂੰ ਨਹੀਂ ਹੋਵੇਗਾ ਤਾਂ ਕਿਸ ਨੂੰ ਹੋਵੇਗਾ ?

ਨਹੀਂ ਅੱਖੀਆਂ 'ਚ ਜੇ ਅੱਥਰੂ, ਇਦ੍ਹਾ ਇਹ ਅਰਥ ਨਈਂ ਯਾਰੋ,
ਕਿ ਲੱਗੀ ਠੇਸ ਦਾ ਇਸ ਦਿਲ ਨੂੰ, ਦੁੱਖ ਨਾ ਪਹੁੰਚਿਆ ਹੋਵੇ।

ਮਲੇਰ ਕੋਟਲੇ ਵਿਚ ਦੀਪ ਈਮਾਨਦਾਰੀ ਨਾਲ ਮਿਹਨਤ ਮੁਸ਼ੱਕਤ ਕਰ ਕੇ ਆਪਣੇ ਪਰਵਾਰ ਦਾ ਚੰਗਾ ਗੁਜ਼ਰਾ ਤੋਰ ਰਿਹਾ ਸੀ ਪਰ ਸਮੇਂ ਦਾ ਚੱਕਰ ਸਮਝੋ ਜਾਂ ਆਪਣਿਆਂ ਦੀ ਮਿਹਰਬਾਨੀ, ਉਹ ਦਿਨਾਂ ਵਿਚ ਹੀ ਕੱਖੋਂ ਹੌਲਾ ਹੋ ਗਿਆ। ਬੱਸ ਫਿਰ ਕੀ ਸੀ,ਉਸ ਦੇ ਹੱਥਾਂ ਵੱਲ ਵੇਖਣ ਵਾਲੇ, ਉਸ ਦੇ ਹੱਥੀਂ ਪੈਣ ਲੱਗੇ। ਇੱਕ ਐਸਾ ਹੀ ਅਹਿਸਾਨ ਫ਼ਰਾਮੋਸ਼ ਦੋਸਤ ਅਜੇ ਵੀ ਦੀਪ ਨੂੰ ਜਲੀਲ ਕਰਨ ਦੇ ਸਮੇਂ ਦੀ ਤਲਾਸ਼ ਵਿਚ ਰਹਿੰਦਾ ਹੈ, ਜਿਸ ਦਾ ਲੂੰ ਲੂੰ ਦੀਪ ਦਾ ਅਹਿਸਾਨਮੰਦ ਹੋਣਾ ਚਾਹੀਦਾ ਸੀ। ਦੀਪ ਇਹੋ ਜਿਹੇ ਘਟੀਆ ਜ਼ਹਿਨੀਅਤ ਵਾਲੇ ਦੋਸਤਾਂ ਬਾਰੇ ਕਹਿੰਦਾ ਹੈ-

ਕਿਸੇ ਦੇ ਦਿਲ ਤੇ ਕਿਵੇਂ ਬੀਤਦੀ ਹੈ, ਕਿਉਂ ਸੋਚਣ,
ਮਜ਼ੇ ਦੇ ਨਾਲ ਸ਼ਿਕਾਰੀ ਸ਼ਿਕਾਰ ਕਰਦੇ ਨੇ।

ਅਜਿਹੇ ਨਾ-ਸ਼ੁਕਰਿਆਂ ਤੇ ਉਹ ਬਜ਼ਾ ਵਿਅੰਗ ਕੱਸਦਾ ਹੈ-

ਕਿੰਨਾਂ ਸੌਖਾ ਹੈ ਤਵਾ ਲਾਉਣਾ ਕਿਸੇ ਦੂਜੇ ਦਾ,
ਤਦ ਪਤਾ ਲਗਦੈ, ਜਦੋਂ ਅਪਣਾ ਤਵਾ ਲਗਦਾ ਹੈ।

ਜਿਸ ਬੋਟ ਨੂੰ ਜੰਮਣ ਵਾਲੇ ਆਹਲਣੇ ਵਿੱਚੋਂ ਧੱਕਾ ਦੇ ਦੇਣ, ਉਸ ਦਾ ਤਾਂ ਫਿਰ ਅੱਲਾ ਹੀ ਬੇਲੀ ਹੁੰਦਾ ਹੈ ਨਾ। ਸੋ "ਧੀਦੋ ਹੋ ਤੁਰਿਆ ਵਾਰਿਸ ਸ਼ਾਹ ਜੇਹਾ" ਦੀ ਹਾਲਤ ਵਿੱਚ ਜਦੋਂ ਦੀਪ ਆਪਣਿਆਂ ਦਾ ਹੀ ਸਤਾਇਆ ਹੋਇਆ, ਘਰ-ਬਾਰ ਤਿਆਗ ਕੇ ਪਰਦੇਸੀ ਹੋ ਤੁਰਿਆ, ਤਾਂ ਵੀ ਦੋਖੀਆਂ ਨੇ ਉਸ ਤੇ ਆਵਾਜ਼ੇ ਕੱਸੇ ਤੇ ਦੂਸ਼ਣ ਲਾਏ। ਦੋਸਤਾਂ ਨੇ ਉਸ ਦੀ ਮਜਬੂਰੀ ਸਮੇਂ ਮਦਦ ਤਾਂ ਕੀ ਕਰਨੀ ਸੀ, ਉਲਟਾ ਉਸ ਨੂੰ ਜ਼ਲੀਲ ਕਰਨ ਦੀ ਪੂਰੀ ਵਾਹ ਲਾ ਦਿੱਤੀ। ਦੀਪ ਸਭ ਕੁਝ ਛੱਡ ਛਡਾ ਕੇ, ਆਪਣੇ ਰੌਸ਼ਨ ਖ਼ਿਆਲਾਂ ਨੂੰ ਹੀ ਆਪਣੀ ਜੀਵਨ-ਪੂੰਜੀ ਸਮਝਦਾ, ਸੰਭਾਲਦਾ ਹੋਇਆ ਜਲੰਧਰ ਆਣ ਲੱਥਾ-

ਇੱਕ ਲੁੱਟ ਨਾ ਹੋਏ ਓਸ ਤੋਂ, ਮੇਰੇ ਖ਼ਿਆਲ "ਦੀਪ",
ਬਾਕੀ ਸਮਾਨ ਜੋ ਵੀ ਸੀ, ਬੋਰੀ 'ਚ ਪਾ ਲਿਆ।

ਜਲੰਧਰ ਆਏ ਨੂੰ ਉਸ ਨੂੰ, ਜਿਵੇਂ ਪੰਜਾਬੀ ਦੇ ਪੁਖ਼ਤਾ ਗ਼ਜ਼ਲਗੋਅ ਸੁਖਵੰਤ ਪੱਟੀ ਨੇ ਬੋਚ ਲਿਆ, ਉਸ ਦੇ ਪ੍ਰਭਾਵ ਥੱਲੇ ਦੀਪ ਆਪ-ਮੁਹਾਰੇ ਕਹਿ ਉੱਠਿਆ-

ਨਾ ਖ਼ੂਨ ਦਾ ਦਾਅਵਾ ਹੈ, ਜ਼ਾਤ ਦਾ ਰੌਲਾ ਹੈ,
ਇਕ ਵੱਖਰੀ ਸਕੀਰੀ ਹੈ ਦੁਖ ਸੁਖ ਦੇ ਭਿਆਲਾਂ ਦੀ।

ਦੀਪ ਬੜੀ ਗਹਿਰ ਗੰਭੀਰ ਤਬੀਅਤ ਦਾ ਮਾਲਿਕ ਹੈ ਪਰ ਜਦ ਉਹ ਮੇਰੇ ਜਿਹੇ ਚੋਣਵੇਂ ਦੋਸਤਾਂ ਕੋਲ ਆਪਣੇ ਦੁੱਖ-ਸੁੱਖ ਸਾਂਝੇ ਕਰਦਾ ਹੈ ਤਾਂ ਉਸ ਦਾ ਸ਼ਿਅਰ ਆਪਣੇ ਆਪ ਸਿਰ ਚੜ੍ਹ ਬੋਲ ਉੱਠਦਾ ਹੈ-

ਜਿਦ੍ਹੇ ਚਿਹਰੇ ਤੇ ਇਕ ਸੰਜਮ ਜਿਹੀ ਮੁਸਕਾਨ ਰਹਿੰਦੀ ਹੈ,
ਕੀ ਉਸ ਦੇ ਮਨ 'ਚ ਸੋਚਾਂ ਦਾ ਖਿਲਾਰਾ ਹੋ ਨਹੀਂ ਸਕਦਾ ?

ਅਤੇ-

ਨਹੀਂ ਅੱਖੀਆਂ 'ਚ ਜੇ ਅੱਥਰੂ, ਇਦ੍ਹਾ ਇਹ ਅਰਥ ਨਹੀਂ ਯਾਰੋ,
ਕਿ ਲੱਗੀ ਠੇਸ ਦਾ ਇਸ ਦਿਲ ਨੂੰ, ਦੁੱਖ ਨਾ ਪਹੁੰਚਿਆ ਹੋਵੇ।

ਪਰ ਅੱਜ ਦੀਪ ਆਪਣੀਆਂ ਤੰਗੀਆਂ- ਤੁਰਸ਼ੀਆਂ ਤੇ ਮਜਬੂਰੀਆਂ ਨੂੰ ਦ੍ਰਿੜ ਇਰਦੇ, ਹੌਸਲੇ ਤੇ ਮਿਹਨਤ ਦੇ ਪੈਰਾਂ ਹੇਠ ਦਰੜਦਾ ਹੋਇਆ, ਰਿਸ਼ਤੇਦਾਰੀਆਂ, ਸਮਾਜ ਅਤੇ ਸਾਹਿਤਕ ਖੇਤਰ ਵਿਚ ਆਪਣੀ ਹੋਂਦ ਦਾ ਰੜਕਵਾਂ ਅਹਿਸਾਸ ਕਰਵਾ ਰਿਹਾ ਹੈ। ਕਈ ਵਾਰ ਤਾਂ ਉਹ ਚਹਿਚਹਾ ਵੀ ਉੱਠਦਾ ਹੈ-

ਉਹ ਉਂਗਲਾਂ ਮੂੰਹ 'ਚ ਪਾਉਂਦੇ ਨੇ ਜੋ ਦਾਅਵੇ ਨਾਲ ਕਹਿੰਦੇ ਸੀ,
ਅਸਾਂ ਨੇ ਡੋਬ ਦਿੱਤੈ "ਦੀਪ", ਹੁਣ ਇਹ ਤਰ ਨਹੀਂ ਸਕਦਾ।

ਦੀਪ ਮੇਰਾ ਬੜੇ ਤਰਸੇਵੇਂ ਦਾ ਦੋਸਤ ਹੈ। ਅਸੀਂ ਸਰੀਰਕ ਤੌਰ ਤੇ ਹੀ ਇੱਕ ਦੂਜੇ ਦੇ ਨੇੜੇ ਨਹੀਂ ਰਹਿ ਰਹੇ, ਸਗੋਂ ਖ਼ਿਆਲਾਂ ਤੇ ਮੁਹੱਬਤ ਦੇ ਪੱਖੋਂ ਵੀ ਅਤੇ ਮਾਨਸਿਕ ਤੌਰ ਤੇ ਵੀ ਇੱਕ ਦੂਜੇ ਦੇ ਸਾਂਝੀ ਅਤੇ ਪੂਰਕ ਹਾਂ ਉਸ ਦੇ ਗੁਣਾਂ ਨੂੰ ਮੈਂ ਆਪਣੇ ਗੁਣ ਸਮਝਦਾ ਹੋਇਆ ਫ਼ਖਰ ਮਹਿਸੂਸ ਕਰਦਾ ਹਾਂ ਉਸ ਦੀਆਂ ਕਮਜ਼ੋਰੀਆਂ ਨੂੰ ਆਪਣੀਆਂ ਕਮਜ਼ੋਰੀਆਂ ਸਮਝਕੇ ਕਬੂਲ ਕਰਨ ਵਿੱਚ ਮੈਨੂੰ ਕੋਈ ਝਿਜਕ ਨਹੀਂ ਹੈ। ਮੇਰੀ ਹਰ ਵੇਲੇ ਇਹੀ ਦੁਆ ਰਹਿੰਦੀ ਹੈ ਕਿ ਪਰਮਾਤਮਾ ਉਸ ਦੀ ਸੋਚ ਨੂੰ ਸਦਾ ਹੀ ਇਸੇ ਤਰ੍ਹਾਂ ਸਹੀ ਦਿਸ਼ਾ ਪ੍ਰਦਾਨ ਕਰਦਾ ਰਹੇ ਅਤੇ ਦੀਪ ਇੱਕ ਇਨਸਾਨ ਅਤੇ ਇੱਕ ਸ਼ਾਇਰ ਦੇ ਤੌਰ ਤੇ ਹੋਰ ਬੁਲੰਦੀਆਂ ਹਾਸਿਲ ਕਰੇ।

ਬੇਸ਼ੱਕ ਦੀਪ ਇਉਂ ਵੀ ਕਹਿੰਦਾ ਫਿਰੇ ਕਿ-

ਉਹ ਜਦੋਂ ਮਿਲਦੇ ਨੇ, 'ਦੀਵਾਨ' ਦੀ ਗੱਲ ਕਰਦੇ ਨੇ,
"ਦੀਪ" ਸ਼ਾਇਰ ਲਈ "ਦੀਵਾਨ" ਜ਼ਰੂਰੀ ਤਾਂ ਨਹੀਂ।

ਪਰ ਇਸ ਵਿੱਚੋਂ ਵੀ ਉਸ ਦੀ ਬੇ-ਚਾਰਗੀ ਦੀ ਝਲਕ ਪੈਣੋਂ ਨਹੀਂ ਰਹਿ ਸਕਦੀ। ਮੈਂ ਅਕਾਲ ਪੁਰਖ ਦਾ ਬਹੁਤ ਬਹੁਤ ਸ਼ੁਕਰਗੁਜ਼ਾਰ ਹਾਂ ਕਿ ਉਸ ਨੇ ਮੇਰੇ ਯਾਰ ਨੂੰ ਵੀ "ਸਾਹਿਬੇ ਦੀਵਾਨ" ਬਣਨ ਦੀ ਖ਼ੁਸ਼ੀ ਬਖ਼ਸ਼ਿਸ਼ ਕੀਤੀ ਹੈ। ਮੈਂ ਅੱਜ ਬਾਗ਼ ਬਾਗ਼ ਹਾਂ ਤੇ ਗ਼ਲਤੀਆਂ ਗ਼ੁਸਤਾਖ਼ੀਆਂ ਲਈ ਮੁਆਫ਼ੀ ਚਾਹੁੰਦਾ ਹਾਂ।

12 ਫਰਵਰੀ,1999.

ਅਮਰਜੀਤ ਸਿੰਘ ਸੰਧੂ
421-ਦਕੋਹਾ,
ਜਲੰਧਰ-144023
ਫ਼ੋਨ.0181-262433

# ਉਸਤਾਦ ਕੀ ਦੁਆ

ਭਾਟੀਆ ਸਾਹਿਬ ਕੋ ਮੈਂ ਏਕ ਮੁੱਦਤ ਸੇ ਜਾਨਤਾ ਹੂੰ, ਯਾਨੀ ਵੋਹ ਜਿਸ ਵਕਤ ਮਾਲੇਰਕੋਟਲਾ ਮੇਂ ਅਪਨੀ ਰਹਾਇਸ਼ ਰਖਤੇ ਥੇ। ਸ਼ਹਿਰ ਕੇ ਕੁਛ ਪੰਜਾਬੀ ਸ਼ਿਊਰਾ ਕੇ ਤੁਅੱਲੁਕ ਸੇ ਭਾਟੀਆ ਸਾਹਿਬ ਸੇ ਮੇਰੀ ਮੁਲਾਕਾਤ ਹੁਈ ਥੀ। ਵੋਹ ਉਸ ਵਕਤ ਅਪਨੀ ਸ਼ਾਇਰੀ ਕੇ ਇਬਤਦਾਈ ਦੌਰ ਮੇਂ ਥੇ।

ਪੰਜਾਬੀ ਕੇ ਸ਼ਾਇਰੋਂ ਮੇ ਦੂਸਰੇ ਸ਼ਾਇਰ ਭੀ ਮੌਜੂਦ ਥੇ, ਜਿਨ ਮੇਂ ਦਾਸ ਰਾਮ "ਦੋਸ਼ੀ" ਔਰ ਕਰਤਾਰ ਸਿੰਘ "ਪੰਛੀ" ਅੱਛੇ ਸ਼ਾਇਰੋਂ ਮੇਂ ਸੇ ਥੇ। ਗੁਰਦੀਪ ਭਾਟੀਆ ਭੀ ਏਕ ਸ਼ਾਇਰ ਕੀ ਹੈਸੀਅਤ ਸੇ ਕਾਫ਼ੀ ਮਸ਼ਹੂਰ ਥੇ। ਵੋਹ ਪੰਜਾਬੀ ਕਾ ਸ਼ਇਰ ਹੋਨੇ ਕੇ ਬਾਵਜੂਦ, ਉਰਦੂ ਸ਼ਇਰੀ ਕੇ ਮੁਕੱਰਰਾ ਅਊਜ਼ਾਨ ਮੇਂ ਹੀ ਸ਼ੇਅਰ ਕਹਿਤਾ ਥੇ।

ਪਿਛਲੇ ਕੁਝ ਸਾਲੋਂ ਸੇ ਇਸ ਸ਼ਾਇਰ ਨੇ ਇਸ ਸ਼ਹਿਰ ਕੋ ਛੋੜ ਦੀਆ ਔਰ ਜਲੰਧਰ ਮੇਂ ਚਲੇ ਆਏ। ਅਗਰਚੇ ਪੰਜਾਬੀ ਭਾਸ਼ਾ ਕੇ ਦੂਸਰੇ ਸ਼ਾਇਰ ਭੀ ਅੱਛੇ ਸ਼ੇਅਰ ਕਹਿਤੇ ਹੈਂ, ਮਗਰ ਭਾਟੀਆ ਸਾਹਿਬ ਕੀ ਸ਼ਾਇਰੀ ਸੇਂ ਕੁਛ ਨਯਾਪਨ ਸ਼ਾਮਿਲ ਹੈ ਜੋ ਉਸੇ ਦੂਸਰੇ ਸ਼ਾਇਰੋਂ ਸੇ ਮੁਖ਼ਤਲਿਫ਼ ਸਾਬਿਤ ਕਰਤਾ ਹੈ। ਇਨ ਕੀ ਸ਼ਾਇਰੀ ਮੇਂ ਤੁਜ਼ੁਰਬਾਤ ਕੀ ਆਂਚ, ਜ਼ਿੰਦਗੀ ਕੀ ਅਸਲ ਹਕੀਕਤ, ਅਵਾਮ ਸੇ ਗਹਿਰੇ ਤੁਅੱਲੁਕ ਔਰ ਉਨ ਕੇ ਦੁਖ ਸੁਖ ਕੋ ਮਹਿਸੂਸ ਕਰਨੇ ਕਾ ਅਛੂਤਾ ਅੰਦਾਜ਼ ਹੈ, ਜੋ ਇਨਹੇਂ ਪੰਜਾਬੀ ਸ਼ਾਇਰੀ ਕੇ ਦੂਸਰੇ ਸ਼ਾਇਰੋਂ ਸੇ ਅਲੱਗ ਸਾਬਤ ਕਰਤਾ ਹੈ।

ਗੁਰਦੀਪ ਭਾਟੀਆ ਕੀ ਸ਼ਾਇਰੀ ਮੇਂ ਹਮ ਵੋਹ ਸਬ ਮਹਿਸੂਸ ਕਰੇਂਗੇ ਜੋ ਭਾਸ਼ਾ ਕੇ ਨਾਮਵਰ ਸ਼ਾਇਰੋਂ ਕੀ ਸ਼ਾਇਰੀ ਮੇਂ ਮਹਿਸੂਸ ਕਰਤੇ ਹੈ। ਇਨ ਕਾ ਮਜਮੂਆ-ਏ-ਕਲਾਮ "ਸੁਲਗਦੇ ਅਹਿਸਾਸ" ਕੇ ਨਾਮ ਪਰ ਮੰਜ਼ਿਰੇ ਆਮ ਪਰ ਆ ਰਹਾ ਹੈ। ਪੜ੍ਹਨੇ ਕੇ ਬਾਅਦ ਆਪ ਇਨਹੇਂ ਪੰਜਾਬੀ ਸ਼ਾਇਰੀ ਕੀ ਨੌਜਵਾਨ ਨਸਲ ਕੇ ਏਕ ਨੁਮਾਇੰਦਾ ਸ਼ਾਇਰ ਕੇ ਤੌਰ ਪਰ ਤਸਲੀਮ ਕਰੇਂਗੇ।

ਆਮੀਨ!

ਸੁਦਰਸ਼ਨ "ਕੰਵਲ਼"
ਮਾਲੇਰ ਕੋਟਲਾ
20-2-99 (ਸੰਗਰੂਰ)

# ਦੀਪ ਤੁਹਾਡੇ ਹੱਥਾਂ 'ਚ ਹੈ

ਪੰਜਾਬੀ ਗ਼ਜ਼ਲ ਪ੍ਰੇਮੀਆਂ ਦੀ ਸੱਥ ਵਿਚ ਅਪਣਾ ਪਲੇਠਾ ਗ਼ਜ਼ਲ-ਸੰਗ੍ਰਹਿ "ਸੁਲਗਦੇ ਅਹਿਸਾਸ" ਭੇਟ ਕਰਦਿਆਂ ਜਿੱਥੇ ਮੈਨੂੰ ਬੇਹੱਦ ਖ਼ੁਸ਼ੀ ਮਹਿਸੂਸ ਹੋ ਰਹੀ ਹੈ, ਉੱਥੇ ਮੈਨੂੰ ਯਾਦ ਆ ਰਹੇ ਹਨ ਸਤਿਕਾਰ-ਯੋਗ ਮਾਸਟਰ ਭਗਵਾਲ ਸਿੰਘ ਜੀ ਪੀ.ਟੀ.ਆਈ., ਸਵਰਗੀ ਡਾ. ਸਾਧੂ ਸਿੰਘ ਹਮਦਰਦ ਅਤੇ ਉਸਤਾਦ ਸ਼੍ਰੀ ਸੁਦਰਸ਼ਨ ਕੰਵਲ ਜੀ ਜਿਹਨਾਂ ਨੂੰ ਮਲੇਰ ਕੋਟਲਾ ਨਿਵਾਸੀ ਪਿਆਰ ਨਾਲ "ਸ਼ਾਇਰ ਸਾਹਿਬ" ਆਖਿਆ ਕਰਦੇ ਹਨ।

ਮਾਸਟਰ ਭਗਵਾਨ ਸਿੰਘ ਜੀ ਪੀ.ਟੀ.ਆਈ. ਹੋਰਾਂ ਕੋਲ ਮੈਂ ਛੇਵੀ ਜਮਾਤ ਵਿਚ ਸਰਕਾਰੀ ਹਾਈ ਸਕੂਲ ਮਲੇਰ ਕੋਟਲੇ ਪੜ੍ਹਿਆ ਕਰਦਾ ਸਾਂ। ਉਹ ਮੈਨੂੰ ਹੋਰਨਾਂ ਬੱਚਿਆਂ ਵਾਂਗ ਕਵਿਤਾ ਸੁਨਾਉਣ ਲਈ ਆਖਿਆ ਕਰਦੇ ਸਨ, ਪਰ ਮੈਂ ਸੰਗਾਊ ਸੁਭਾਅ ਹੋਣ ਕਰਕੇ ਸੁਣਾ ਨਾ ਸਕਦਾ। ਉਹਨਾਂ ਮੇਰੀ ਕੂਹਣੀ ਤੇ ਬਰੀਕ ਜਿਹੀ ਚੂੰਡੀ ਵੱਢਿਆ ਕਰਨੀ, ਬਹੁਤ ਤਕਲੀਫ਼ ਹੋਣੀ। ਉਹਨਾਂ ਦੀ ਚੂੰਡੀ ਤੋਂ ਡਰਦਿਆਂ ਇੱਕ ਦਿਨ ਸਰਵਗੀ ਉਸਤਾਦ ਸ਼ਇਰ ਜਨਾਬ ਵਿਧਾਤਾ ਸਿੰਘ ਤੀਰ ਦੀ ਕਵਿਤਾ ਸੁਨਾਉਣ ਵਾਸਤੇ ਯਾਦ ਕਰਦਿਆਂ, ਮੇਰੇ ਮਨ ਵਿਚ ਫ਼ੁਰਨਾ ਫ਼ੁਰਿਆਂ ਕਿ ਕੀ ਮੈਂ ਕਵਿਤਾ ਨਹੀਂ ਲਿਖ ਸਕਦਾ ? ਮੈਂ ਕੋਸ਼ਿਸ਼ ਕਰਕੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਇੱਕ ਗੀਤ ਲਿਖ ਲਿਆ ਤੇ ਉਹੋ ਹੀ ਸੁਣਾ ਦਿੱਤਾ। ਗੀਤ ਸੁਣ ਕੇ ਮਾਸਟਰ ਜੀ ਨੇ ਪੁੱਛਿਆ ਕਿ ਇਹ ਗੀਤ ਕਿੱਥੋਂ ਲਿਆ ਹੈ ? ਤਾਂ ਮੈਂ ਡਰਦਿਆਂ ਡਰਦਿਆਂ ਕਿਹਾ ਕਿ ਜੀ ਮੈਂ ਆਪ ਅੱਜ ਹੀ ਲਿਖਿਆ ਹੈ। ਮਾਸਟਰ ਜੀ ਬਹੁਤ ਖ਼ੁਸ਼ ਹੋਏ ਤੇ ਕਿਹਾ, "ਬਚੀ ! ਲਿਖਣਾ ਨਾ ਛੱਡੀਂ।" ਉਹ ਮੈਨੂੰ ਪਿਆਰ ਨਾਲ "ਬਚੀ" ਆਖਿਆ ਕਰਦੇ ਸਨ।

ਗੀਤ, ਕਵਿਤਾਵਾਂ ਲਿਖਦਿਆਂ "ਰੋਜ਼ਾਨਾ ਅਜੀਤ" ਵਿਚ ਡਾ. ਸਾਧੂ ਸਿੰਘ ਹਮਦਰਦ ਹੋਰਾਂ ਦੇ ਗ਼ਜ਼ਲ ਸਬੰਧੀ ਲੇਖ ਪੜ੍ਹ ਕੇ ਮਨ ਗ਼ਜ਼ਲ ਵੱਲ ਖਿੱਚਿਆ ਗਿਆ। ਹਮਦਰਦ ਜੀ ਵੱਲੋਂ ਮਿਲੇ ਭਰਪੂਰ ਉਤਸ਼ਾਹ ਤੇ ਪੁੱਤਰਾਂ ਵਰਗੇ ਪਿਆਰ ਨੇ ਐਸਾ ਪ੍ਰਭਾਵਤ ਕੀਤਾ ਕਿ ਮੇਰਾ ਝੁਕਾਅ ਪੂਰਨ ਤੌਰ ਤੇ ਗ਼ਜ਼ਲ ਵੱਲ ਹੋ ਗਿਆ। "ਸੁਲਗਦੇ ਅਹਿਸਾਸ" ਗ਼ਜ਼ਲ-ਸੰਗ੍ਰਹਿ ਉਹਨਾਂ ਵੱਲੋਂ ਮਿਲੇ ਉਤਸ਼ਾਹ ਦਾ ਹੀ ਸਿੱਟਾ ਹੈ।

ਗ਼ਜ਼ਲ ਦੀ ਤਕਨੀਕ ਤੇ ਬਾਰੀਕੀਆਂ ਜਾਨਣ ਲਈ ਲਗਭਗ ਹਰ ਗ਼ਜ਼ਲਗੋਅ ਨੂੰ ਇੱਕ ਉਸਤਾਦ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ ਤੇ ਮੇਰੀ ਇਹ ਜ਼ਰੂਰਤ ਪੂਰੀ ਕੀਤੀ ਮੇਰੇ ਸਤਿਕਾਰ-ਯੋਗ ਉਸਤਾਦ ਸ਼੍ਰੀ ਸੁਦਰਸ਼ਨ ਕਵੰਲ ਜੀ ਨੇ,ਜੋ ਕਿ ਉਰਦੂ ਜ਼ਬਾਨ ਦੇ ਉਸਤਾਦ ਸ਼ਾਇਰ ਹਨ। ਉਹਨਾਂ ਨੇ ਜਿੱਥੇ ਮੈਨੂੰ ਗ਼ਜ਼ਲ ਸਬੰਧੀ ਹਰ ਤਰਾਂ ਦੀ ਜਾਣਕਾਰੀ ਦਿੱਤੀ,ਉੱਥੇ ਸਖ਼ਤ ਮਿਹਨਤ ਵੀ ਕਰਵਾਕੇ ਮੇਰੇ ਸ਼ੇਅਰਾਂ ਵਿੱਚ ਸਰਲਤਾ ਅਤੇ ਸਪਸ਼ਟਤਾ ਵਰਗਾ ਮੀਰੀ ਗੁਣ ਵੀ ਪੈਦਾ ਕਰ ਦਿੱਤਾ। ਉਹਨਾਂ ਦੇ ਅਸ਼ੀਰਵਾਦ ਸਦਕਾ ਅੱਜ ਮੈਂ ਲੱਖਾਂ ਦੇ ਇੱਕਠ ਵਿੱਚ ਨਿਧੜਕ ਹੋ ਕੇ ਗ਼ਜ਼ਲ ਕਹਿ ਸਕਦਾ ਹਾਂ। ਜੇਕਰ ਮੇਰਾ ਇਹ ਗ਼ਜ਼ਲ-ਸੰਗ੍ਰਹਿ ਗ਼ਜ਼ਲ-ਪ੍ਰੇਮੀਆਂ ਵਿੱਚ ਪ੍ਰਦਾਨ ਹੋ ਜਾਂਦਾ ਹੈ ਤਾਂ ਮੈਂ ਸਮਝਾਂਗਾ ਕਿ ਸੱਚ ਮੁਚ ਉਪਰੋਕਤ ਸੱਜਣਾਂ ਦੇ ਅਸ਼ੀਰਵਾਦ ਸਦਕਾ ਮੈਂ ਜਿਉਣ ਜੋਗਾ ਹੋ ਗਿਆ ਹਾਂ।

ਬਤੌਰ ਗ਼ਜ਼ਲਗੋਅ ਮੈਂ ਕਾਮਯਾਬ ਹਾਂ ਕਿ ਨਹੀਂ, ਇਹ ਤਾਂ ਸਮਾਂ ਹੀ ਦੱਸੇਗਾ। ਪਰ ਮੈਂ ਇਹ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਮੈਂ ਆਰਥਕ ਪੱਖੋਂ ਕਦੇ ਵੀ ਕਾਮਯਾਬ ਨਹੀਂ ਹੋ ਸਕਿਆ। ਫਿਰ ਵੀ ਤਸੱਲੀ ਨਾਲ ਕਹਿ ਸਕਦਾ ਹਾਂ ਕਿ ਮੈਂ ਆਪਣੇ ਵੱਲੋਂ ਪਰਿਵਾਰਿਕ ਜ਼ੁੰਮੇਵਾਰੀਆਂ ਨਿਭਾਉਣ ਤੋਂ ਕਦੇ ਮੂੰਹ ਨਹੀਂ ਮੋੜਿਆ। ਮੇਰੇ ਇਸ ਸਿਰੜ ਨੂੰ ਅਡੋਲ ਰੱਖਣ ਲਈ ਮੇਰੀ ਜੀਵਨ-ਸਾਥਣ ਦੇ ਮਿੱਠੇ ਅਤੇ ਨਿੱਘੇ ਸਾਥ ਦਾ ਪੂਰਾ ਪੂਰਾ ਹੱਥ ਹੈ। ਉਸ ਤੇ ਮਾਣ ਕਰਦਾ ਹਾਂ। ਉਸ ਤੇ ਮਾਣ ਕਰਨਾ ਮਾਣ ਵਾਲੀ ਗੱਲ ਹੈ।

ਅੰਤ ਵਿਚ ਮੈਂ ਧੰਨਵਾਦੀ ਹਾਂ ਸਵਰਗੀ ਸ਼੍ਰੀ ਮਹਿੰਦਰ ਮਾਨਵ (ਭਾਵੇਂ ਇਹ ਪੁਸਤਕ ਛਪਣ ਤੱਕ ਉਹ ਸਾਡੇ ਵਿੱਚ ਨਹੀਂ ਰਹੇ।), ਜਨਾਬ ਚਾਨਣ ਗੋਬਿੰਦਪੁਰੀ, ਸ. ਹਰਭਜਨ ਸਿੰਘ ਬਟਾਲਵੀ, ਸ. ਅਮਰਜੀਤ ਸਿੰਘ ਸੰਧੂ ਅਤੇ ਸ. ਨਰਿੰਦਰ ਮਾਨਵ ਜੀ ਦਾ, ਜਿਹਨਾਂ ਨੇ ਮੇਰੀ ਬੇਨਤੀ ਤੇ ਇਸ ਸੰਗ੍ਰਹਿ ਨੂੰ ਅੱਖਰ ਅੱਖਰ ਪੜ੍ਹਿਆ ਤੇ ਆਪਣੇ ਖ਼ੂਬਸੂਰਤ ਵਿਚਾਰ ਪ੍ਰਗਟ ਕੀਤੇ। ਇਹਨਾਂ ਸਮੂਹ ਸੱਜਣਾਂ ਦੇ ਵਿਚਾਰ ਮੈ ਧੰਨਵਾਦ ਸਹਿਤ ਇਸ ਪੁਸਤਕ ਵਿਚ ਸ਼ਾਮਿਲ ਕਰਨ ਦੀ ਖ਼ੂਸ਼ੀ ਲੈ ਰਿਹਾ ਹਾਂ।

ਆਸ ਕਰਦਾ ਹਾਂ ਗ਼ਜ਼ਲ-ਪ੍ਰੇਮੀਆਂ ਤੋਂ ਕਿ ਉਹ "ਸੁਲਗਦੇ ਅਹਿਸਾਸ" ਪੜ੍ਹਨ ਤੋਂ ਬਾਅਦ ਜਿਵੇਂ ਵੀ ਮਹਿਸੂਸ ਕਰਨਗੇ, ਮੈਨੂੰ ਜ਼ਰੂਰ ਲਿਖਣਗੇ ਤਾਂ ਜੋ ਮੈਂ ਰਹਿ ਗਈਆਂ ਖ਼ਾਮੀਆਂ ਨੂੰ ਅਗਲੇ ਸੰਗ੍ਰਹਿ ਵਿਚ ਦੂਰ ਕਰਨ ਦਾ ਯਤਨ ਕਰ ਸਕਾਂ।

ਗੁਰਦੀਪ ਸਿੰਘ "ਦੀਪ" (ਭਾਟੀਆ)
ਪਿੰਡ ਤੇ ਡਾਕ. ਜੈਤੇਵਾਲੀ
(ਜਲੰਧਰ)

23 ਫਰਵਰੀ, 1999.

## (ਇੱਕ)

ਝੂਠ ਨੂੰ ਝੂਠ ਕਿਹਾ ਉਸ ਨੂੰ ਬੁਰਾ ਲਗਦਾ ਹੈ।
ਮੈਨੂੰ ਉਹ ਵਕਤ ਦੀ ਸਰਕਾਰ ਜਿਹਾ ਲਗਦਾ ਹੈ।

ਉੱਚੀ ਸਾਹ ਲੈਣਾ ਵੀ ਸਾਡੇ ਲਈ ਵਰਜਿਤ ਹੈ ਜਦੋਂ,
ਕੋਈ ਹਸਦਾ ਹੈ ਤਾਂ ਮਨਜ਼ੂਰ-ਸ਼ੁਦਾ ਲਗਦਾ ਹੈ।

ਅਪਣੇ ਆਪੇ ਤੋਂ ਵੀ ਸ਼ਰਮਿੰਦਾ ਨਜ਼ਰ ਆਉਂਦੈ ਉਹ,
ਗ਼ਲਤ ਥਾਂ ਉਸਨੂੰ ਕਿਸੇ ਵੇਖ ਲਿਆ ਲਗਦਾ ਹੈ।

ਉਸ ਦੀ ਦਹਿਸ਼ਤ ਨੂੰ ਕੋਈ ਮੰਨੇ, ਜ਼ਰੂਰੀ ਤਾਂ ਨਹੀਂ,
ਜਾਹ! ਨਹੀਂ ਕਹਿੰਦਾ ਕਿ ਉਹ ਮੈਨੂੰ ਖ਼ੁਦਾ ਲਗਦਾ ਹੈ।

ਜੋ ਇਹ ਕਹਿੰਦਾ ਸੀ, ਕਦੇ ਝੁਕਣਾ ਨਹੀਂ, ਵਿਕਣਾ ਨਹੀਂ,
ਦੇਖ, ਸਜ਼ਦੇ 'ਚ ਖੜਾ ਕੇਹੋ ਜਿਹਾ ਲਗਦਾ ਹੈ ?

ਉਸਦੇ ਲਹਿਜ਼ੇ 'ਚ ਨਜ਼ਰ ਆਉਂਦਾ ਏ ਸ਼ਾਹਾਂ ਦਾ ਮਿਜਾਜ਼
ਨੇੜੇ ਆ ਕੇ ਵੀ ਉਹ ਕੁਝ ਦੂਰ ਖੜਾ ਲਗਦਾ ਹੈ।

ਉਸ ਨੂੰ ਕੰਡਾ ਵੀ ਚੁਭੇ, ਪਾਉਂਦੈ ਦੁਹਾਈ, ਜਦ ਕਿ,
ਸਾਡਾ ਮਰਨਾ ਵੀ ਉਹਨੂੰ ਨਖ਼ਰਾ ਜਿਹਾ ਲਗਦਾ ਹੈ।

ਕਿੰਨਾ ਸੌਖਾ ਹੈ ਤਵਾ ਲਾਉਣਾ ਕਿਸੇ ਦੂਜੇ ਦਾ,
ਤਦ ਪਤਾ ਲਗਦੈ, ਜਦੋਂ ਅਪਣਾ ਤਵਾ ਲਗਦਾ ਹੈ।

ਕੋਈ ਕੀ ਨਿਰਨਾ ਕਰੇ, "ਦੀਪ" ਖ਼ਰੇ ਖੋਟੇ ਦਾ,
ਕੰਮ ਆਉਂਦਾ ਹੋਇਆ ਖੋਟਾ ਵੀ ਖ਼ਰਾ ਲਗਦਾ ਹੈ।

(ਦੋ)

ਹੋਵੇ ਹਰ ਥਾਂ ਤਿਰਾ ਸਨਮਾਨ, ਜ਼ਰੂਰੀ ਤਾਂ ਨਹੀਂ।
ਤੈਨੂੰ ਸਭ ਕਹਿਣ, 'ਮਿਰੀ ਜਾਨ', ਜ਼ਰੂਰੀ ਤਾਂ ਨਹੀਂ।

ਤੈਨੂੰ 'ਭਗਵਾਨ' ਉਹ ਕਹਿੰਦੇ ਨੇ, ਮੁਬਾਰਕ ਹੈ, ਮਗਰ,
ਤੈਨੂੰ ਮੈਂ ਵੀ ਕਹਾਂ 'ਭਗਵਾਨ' ਜ਼ਰੂਰੀ ਤਾਂ ਨਹੀਂ।

ਡੋਬ ਸਕਦਾ ਏ ਮਲਾਹ ਆਪ ਵੀ ਕਿਸ਼ਤੀ ਅਪਣੀ,
ਕਿਸ਼ਤੀ ਡੋਬਣ ਲਈ ਤੂਫ਼ਾਨ ਜ਼ਰੂਰੀ ਤਾਂ ਨਹੀਂ।

ਹੁਣ ਤਾਂ ਇਨਸਾਨ ਵੀ ਰਖਦੇ ਨੇ ਤਬਾਹੀ ਦਾ ਰੁਝਾਨ,
ਹਰ ਤਬਾਹੀ ਲਈ ਸ਼ੈਤਾਨ ਜ਼ਰੂਰੀ ਤਾਂ ਨਹੀਂ।

ਖ਼ੁਸ਼ਬੂ ਆਉਂਦੀ ਹੈ ਮੁਹੱਬਤ ਦੀ, ਹਰਿਕ ਅੱਖਰ 'ਚੋਂ,
ਇਸ ਇਬਾਰਤ ਲਈ ਉਨਵਾਨ ਜ਼ਰੂਰੀ ਤਾਂ ਨਹੀਂ।

ਤੇਰੀ ਮੁਸਕਾਨ ਵੀ ਹੋ ਸਕਦੀ ਹੈ ਜੀਵਨ ਉਸਦਾ,
ਦਿਲ ਦੇ ਰੋਗੀ ਲਈ ਲੁਕਮਾਨ ਜ਼ਰੂਰੀ ਤਾਂ ਨਹੀਂ।

ਜਿਸ ਦੀ ਖ਼ਾਤਿਰ ਹੈ ਪਰੇਸ਼ਾਨ ਮਿਰਾ ਦਿਲ ਸਚਮੁਚ,
ਹੋਇਗਾ ਉਹ ਵੀ ਪਰੇਸ਼ਾਨ ਜ਼ਰੂਰੀ ਤਾਂ ਨਹੀਂ।

ਸਿਰ ਕਲਮ ਕਰਨਾ ਤੇਰਾ ਸ਼ੌਕ ਹੈ ਤਾਂ ਕਰਦਾ ਜਾ,
ਸਾਹਵੇਂ ਸਿਰ ਕਿਸ ਦਾ ਹੈ, ਪਹਿਚਾਨ ਜ਼ਰੂਰੀ ਤਾਂ ਨਹੀਂ।

ਉਹ ਜਦੋਂ ਮਿਲਦੇ ਨੇ, 'ਦੀਵਾਨ' ਦੀ ਗੱਲ ਕਰਦੇ ਨੇ,
"ਦੀਪ" ਸ਼ਾਇਰ ਲਈ "ਦੀਵਾਨ" ਜ਼ਰੂਰੀ ਤਾਂ ਨਹੀਂ।

(ਤਿੰਨ)

ਸੁੰਨੇ ਕੋਠੇ ਤੋਂ ਵੀ ਕਾਗ ਉਡਾਉਂਦੀ ਹੈ।
ਝੱਲੀ ਬਿਰਹਨ ਇਉਂ ਵੀ ਵਕਤ ਬਿਤਾਉਂਦੀ ਹੈ।

ਫੁੱਲ ਮਸਲ ਕੇ ਸੁੱਟੇ, ਜਿਹੜੇ ਹੱਥਾਂ ਨੇ,
ਉਹਨਾਂ ਹੱਥਾਂ 'ਚੋਂ ਵੀ ਖ਼ੁਸ਼ਬੂ ਆਉਂਦੀ ਹੈ।

ਕਦ ਲੱਗੇਗੀ ਮਹਿੰਦੀ ਉਸ ਦੇ ਹੱਥਾਂ ਨੂੰ,
ਹੋਰਾਂ ਨੂੰ ਜੋ ਹਸ ਹਸ ਮਹਿੰਦੀ ਲਾਉਂਦੀ ਹੈ।

ਹੱਸੇ, ਰੋਵੇ, ਤੜਪੇ, ਝੂਰੇ ਰਹੇ ਉਦਾਸ,
ਇਕ ਮਜਬੂਰੀ ਕਿੰਨੇ ਰੰਗ ਵਿਖਾਉਂਦੀ ਏ।

ਕਿਉਂ ਨਾ ਮਨ 'ਚੋਂ ਮੱਲੋ-ਮੱਲੀ ਉੱਠੇ ਪੀੜ,
ਇਕ ਫੁੱਲ ਵਰਗੀ ਕਬਰ ਤੇ ਫੁੱਲ ਚੜ੍ਹਾਉਂਦੀ ਹੈ।

ਖੰਡਰ ਵਿਚਲੇ ਥੰਮ ਦੀ ਚਿਤਰਕਾਰੀ ਵੇਖ!
ਅਪਣੀ ਹੋਂਦ ਦਾ ਕਿੰਞ ਅਹਿਸਾਸ ਕਰਾਉਂਦੀ ਹੈ।

ਕਿਉਂ ਨਾ ਆਵੇ ਮੌਤ ਅਜੇਹੇ ਰਹਿਬਰ ਨੂੰ,
ਜਿਸ ਦੀ ਉਂਗਲ ਸਿਵਿਆਂ ਦੇ ਰਾਹ ਪਾਉਂਦੀ ਹੈ।

ਹਰਮਨ ਪਿਆਰਾ ਉਹ ਹੈ, ਜਿਸ ਨੂੰ ਵੇਖਦਿਆਂ,
ਹਰ ਜਿੰਦ ਆਪਾ ਧਰਤੀ ਵਾਂਗ ਵਿਛਾਉਂਦੀ ਹੈ।

ਕੰਡਿਆਂ ਤੋਂ ਉਹ ਕੀਕਣ ਹੱਥ ਬਚਾਊ "ਦੀਪ",
ਜਿਸ ਦੀ ਤਕਣੀ ਫੁੱਲਾਂ ਤੇ ਲਲਚਾਉਂਦੀ ਹੈ।

(ਚਾਰ)

ਕਿਸੇ ਨੂੰ ਦੂਰ, ਕਿਸੇ ਨੂੰ ਕਰੀਬ ਕਹਿੰਦੇ ਨੇ।
ਉਹ ਅਪਣੀ ਸੋਚ ਨੂੰ ਹੀ ਕਿਉਂ 'ਜਰੀਬ' ਕਹਿੰਦੇ ਨੇ ?

ਕਿਸੇ ਖ਼ਿਆਲ, ਕਿਸੇ ਸੋਚ ਦੀ ਅਮੀਰੀ ਕੀ,
ਜੇ ਸ਼ੀਸਾ ਖਾਲੀ ਹੈ ਤਾਂ ਸਭ 'ਗਰੀਬ' ਕਹਿੰਦੇ ਨੇ।

ਸਮੇਂ ਦੇ ਮਾਰਿਆਂ ਦੀ ਇੱਕ ਪਛਾਣ ਇਹ ਵੀ ਹੈ,
ਕਿਸੇ ਦੇ ਜ਼ੁਲਮ ਨੂੰ ਅਪਣਾ ਨਸੀਬ ਕਹਿੰਦੇ ਨੇ।

ਜੋ ਸ਼ਬਦ-ਜਾਲ 'ਚ ਉਲਝਾ ਲਵੇ ਜ਼ਮਾਨੇ ਨੂੰ,
ਜ਼ਮਾਨਾ-ਸਾਜ਼ ਉਸੇ ਨੂੰ 'ਅਦੀਬ' ਕਹਿੰਦੇ ਨੇ।

ਕਰੋ ਦੁਆ ਕਿ ਖ਼ੁਦਾ ਬਖ਼ਸ਼ੇ ਓਸ ਨੂੰ ਜੀਵਨ,
ਬੜਾ ਬੀਮਾਰ ਹੈ ਅਜ ਦਾ ਤਬੀਬ, ਕਹਿੰਦੇ ਨੇ।

ਕਹਾਂ ਜੇ ਝੂਠ ਤਾਂ, ਬਿਦ ਬਿਦ ਕੇ ਲੋਕ ਹਸਦੇ ਹਨ,
ਜੇ ਆਖਾਂ ਸੱਚ ਤਾਂ 'ਬੰਦਾ ਅਜੀਬ' ਕਹਿੰਦੇ ਨੇ।

ਜਿਨ੍ਹਾਂ ਨੂੰ ਜ਼ਿੰਦਗੀ ਕੀ, ਮੌਤ ਵੀ ਹੈ ਮਾਂ ਵਰਗੀ,
ਕਿਸੇ ਸਲੀਬ ਨੂੰ ਉਹ ਕਦ 'ਸਲੀਬ' ਕਹਿੰਦੇ ਨੇ।

ਜੋ ਨਿਕਲੇ ਆਪ ਹੀ ਨਾ ਦਾਇਰਿਆਂ 'ਚੋਂ ਜੀਵਨ ਭਰ,
ਉਹ "ਦੀਪ" ਸ਼ਾਇਰਾਂ ਨੂੰ 'ਬਦ-ਨਨਸੀਬ' ਕਹਿੰਦੇ ਨੇ।

## (ਪੰਜ)

ਲੋਕ ਏਦਾਂ ਵੀ ਮੁਹੱਬਤ ਦਾ ਸਿਲਾ ਦੇਂਦੇ ਨੇ।
ਯਾਰ ਦੀ ਕੁੱਲੀ ਨੂੰ ਅੱਗ ਲਾ ਕੇ ਹਵਾ ਦੇਂਦੇ ਨੇ।

ਜਾਨ ਕੱਢ ਲੈਂਦੇ ਨੇ ਮਰਹਮ ਦੇ ਬਹਾਨੇ ਸੱਜਣ,
ਅੱਲ੍ਹੇ ਜ਼ਖ਼ਮਾਂ ਤੇ ਜਦੋਂ ਪੋਟੇ ਦਬਾ ਦੇਂਦੇ ਨੇ।

ਆਪ ਸਾਡੇ ਤੇ ਨਿਗ੍ਹਾ ਰਖਦੇ ਨੇ ਪਰਦਾ ਚੁਕ ਚੁਕ,
ਜੇ ਨਿਗ੍ਹਾ ਸਾਡੀ ਪਵੇ ਪਰਦਾ ਗਿਰਾ ਦੇਂਦੇ ਨੇ।

ਜ਼ੋਰਾਵਰ ਜ਼ੋਰ ਦਿਖਾਉਂਦੇ ਨੇ ਕਿਵੇਂ, ਦੇਖ ਜ਼ਰਾ,
ਜੋ ਗੁਨਾਹ ਕੀਤਾ ਨਹੀਂ, ਉਸਦੀ ਸਜ਼ਾ ਦੇਂਦੇ ਨੇ।

ਮੇਰੀ ਹਸਤੀ ਨੂੰ ਮਿਟਾਉਣਾ ਬੜਾ ਔਖਾ ਹੈ, ਤਦੇ
ਨਾਮ ਲਿਖ ਕੇ ਮੇਰਾ ਰੇਤੇ ਤੇ ਮਿਟਾ ਦੇਂਦੇ ਨੇ।

ਮਤਲਬੀ ਮਿਲਦੇ ਹੀ ਭਰ ਲੈਂਦੇ ਨੇ ਡੁਬ ਡੁਬ ਅੱਖੀਆਂ,
ਹੋ ਕੇ ਅੱਖੀਆਂ ਤੋਂ ਪਰੇ, ਨਾਂ ਵੀ ਭੁਲਾ ਦੇਂਦੇ ਨੇ।

ਹੋਈ ਮੁੱਦਤ ਉਨਾਂ ਨੂੰ ਸ਼ੀਸ਼ਾ ਵਿਖਾਇਆ ਸੀ ਅਸਾਂ
ਏਸ ਗੱਲ ਦੀ ਉਹ ਅਜੇ ਤੀਕ ਸਜ਼ਾ ਦੇਂਦੇ ਨੇ।

ਜਨਤਾ ਮਰਦੀ ਹੈ ਤਾਂ ਕਿਉਂ ਸੋਗ ਨਹੀਂ ਮੰਨਦੇ ਉਹ,
ਕਿਉਂ ਕਿਸੇ ਨੇਤਾ ਲਈ ਝੰਡੇ ਝੁਕਾ ਦੇਂਦੇ ਨੇ।

ਜੇ ਹੈ ਸ਼ਰਧਾ ਤਾਂ ਉਹ ਸਿਰ ਭੇਟ ਚੜ੍ਹਾਵਣ ਅਪਣਾ,
ਕਿਉਂ ਮਹਿਕਦੇ ਹੋਏ ਫੁੱਲ ਭੇਟ ਚੜ੍ਹਾ ਦੇਂਦੇ ਨੇ।

ਅਮਨ ਦੇ ਰਾਖੇ ਵੀ ਹੁਣ ਰਖਦੇ ਨੇ ਪ੍ਰਮਾਣੂ ਰੁਚੀ,
ਦੇਖੀਏ ਦੁਨੀਆਂ ਨੂੰ ਇਹ ਕਿਹੜੀ ਦਿਸ਼ਾ ਦੇਂਦੇ ਨੇ।

"ਦੀਪ" ਨੂੰ ਆਪਨੇ ਜਿਹੇ ਲਗਦੇ ਨੇ ਅੱਜ ਕੱਲ ਉਹੀ,
ਜਿਹੜੇ ਹਰ ਦਰਦ ਨੂੰ ਹਾਸੇ 'ਚ ਉਡਾ ਦੇਂਦੇ ਨੇ।

(ਛੇ)

ਭਾਵੇਂ ਅਜ ਕਲ ਹੋ ਗਏ ਹਨ ਸਾਡੇ ਸੱਜਣ ਕਾਗਜ਼ੀ।
ਪਰ ਨਹੀਂ ਹੋਇਆ ਅਸਾਡਾ ਰੋਣ - ਹੱਸਣ ਕਾਗਜ਼ੀ।

ਕੌਣ ਕਹਿੰਦੈ, ਕੋਰਾ ਕਾਗਜ਼ ਭੇਜਿਆ ਹੈ ਓਸ ਨੇ,
ਇਹ ਤਾਂ ਉਸ ਨੇ ਭੇਜਿਆ ਹੈ ਮੈਨੂੰ ਦਰਪਣ ਕਾਗਜ਼ੀ।

ਵਧਦੀ ਮਹਿੰਗਾਈ ਨੇ ਸਚਮੁਚ ਫ਼ਿਕਰ ਪਾ ਦਿੱਤਾ ਹੈ ਇਉਂ,
ਕਿਧਰੇ ਬਿਲਕੁਲ ਹੋ ਨਾ ਜਾਵੇ ਮਿਲਣ - ਵਰਤਣ ਕਾਗਜ਼ੀ।

ਪ੍ਰੇਮ-ਪੱਤਰ ਕਾਗਜ਼ੀ ਹੈ, ਠੀਕ ਹੈ, ਮੰਨਦਾ ਹਾਂ ਪਰ,
ਇਸ ਦਾ ਮਤਲਬ ਇਹ ਨਹੀਂ, ਹੈ ਦਿਲ ਦੀ ਧੜਕਣ ਕਾਗਜ਼ੀ।

ਜੂਠ - ਲਿਬੜੇ ਕਾਗਜ਼ਾਂ ਦੇ ਢੇਰ ਨੇੜੇ ਲਾਸ਼, ਦੇਖ!
ਕਹਿ ਰਹੀ ਹੋਵੇ ਜਿਵੇਂ- 'ਕਾਫ਼ੀ ਹੈ ਕੱਫ਼ਣ ਕਾਗਜ਼ੀ।

ਲਾਲਸਾ ਪਰਦੇਸ ਦੀ ਲੈ ਆਈ ਹੈ ਕਿੰਨ੍ਹਾਂ ਨਿਘਾਰ,
ਭੈਣ ਭਾਈ ਬਣ ਰਹੇ ਨੇ "ਦੁਲਹਾ- ਦੁਲਹਣ ਕਾਗਜ਼ੀ"।

ਸਿੱਕਿਆਂ ਦੀ ਪਹੁੰਚ ਹੋਈ ਜਦ ਮਿਰੀ ਸਰਕਾਰ ਤਕ,
ਹਟ ਗਈ ਰਸਤੇ 'ਚੋਂ ਅਪਣੇ ਆਪ ਅੜਚਣ ਕਾਗਜ਼ੀ।

ਸੋਚ ਸਾਡੀ ਸਾਰਿਆਂ ਦੀ ਹੋ ਰਹੀ ਹੈ ਕਿਉਂ ਇਵੇਂ?
ਕਰ ਰਹੇ ਹਾਂ ਕਿਉਂ ਅਸੀਂ ਆਤਮ-ਸਮਰਪਣ ਕਾਗਜ਼ੀ।

"ਦੀਪ" ਦੀ ਔਕਾਤ ਕੀ ਹੈ, ਜਾਣਦੈ ਚੰਗੀ ਤਰ੍ਹਾਂ,
ਮਿਹਰਬਾਨੀ, ਜੇ ਕਿਸੇ ਦਿੱਤੈ ਵਡੱਪਣ ਕਾਗਜ਼ੀ।

(ਸੱਤ)

ਜਦ ਪਿਆਸ ਬਣੇ ਭਟਕਣ, ਸਾਗਰ ਵੀ ਸੁਕਾ ਦੇਵੇ।
ਤਪਦਾ ਹੋਇਆ ਮਾਰੂਥਲ, ਲੂੰ ਲੂੰ 'ਚ ਰਚਾ ਦੇਵੇ।

ਉਸ ਕੋਲੋਂ ਕੋਈ ਜਦ ਵੀ, ਇਉਂ ਪੁੱਛੇ ਕਿ ਜੀਵਨ ਕੀ,
ਉਹ ਤੀਲ ਨੂੰ ਮਾਚਿਸ ਦੀ, ਵੱਖੀ ਤੋਂ ਜਗਾ ਦੇਵੇ।

ਜੀਵਨ ਦੇ ਖ਼ਜ਼ਾਨੇ ਵਿਚ, ਇਕ ਪੀੜ ਅਜੇਹੀ ਹੈ,
ਹੱਸਾਂ ਤਾਂ ਰੁਆ ਦੇਵੇ, ਰੋਵਾਂ ਤਾਂ ਹਸਾ ਦੇਵੇ।

ਕਿਸ ਹਾਲ 'ਚ ਜੀਉਂਦੇ ਹਾਂ, ਜਦ ਕੋਈ ਨਹੀਂ ਪੁਛਦਾ,
ਸੌ ਸਾਲ ਦੇ ਜੀਵਨ ਦੀ, ਕਿਉਂ ਕੋਈ ਦੁਆ ਦੇਵੇ।

ਇਨਸਾਫ਼ ਦੇ ਨਾਂ ਉੱਤੇ ਕਦ ਜ਼ੁਲਮ ਨਹੀਂ ਹੋਇਆ?
ਕੀ ਰੋਸ ਕਿ ਜੇ ਕੋਈ ਇਹ ਕਹਿ ਕੇ ਸਜ਼ਾ ਦੇਵੇ!

ਢਲਦੇ ਹੋਏ ਸੂਰਜ ਨੂੰ, ਆਖਾਂ ਤਾਂ ਕਿਵੇਂ ਆਖਾਂ,
ਠਰੀਆਂ ਹੋਈਆਂ ਤਲੀਆਂ ਤੇ ਅੰਗਿਆਰ ਟਿਕਾ ਦੇਵੇ।

ਮੈਂ ਆਪੇ ਸਮਝਲਾਂਗਾ, ਹਰ ਭੇਦ ਉਦ੍ਹੇ ਦਿਲ ਦਾ,
ਚੁਪ ਚਾਪ ਕਦੇ ਮੁਖ ਤੋਂ, ਬਸ ਪਰਦਾ ਉਠਾ ਦੇਵੇ।

ਕਲ ਤਕ ਸੀ ਜੋ ਨੀਂਹ-ਪੱਥਰ, ਅਜ ਰਸਤੇ ਦਾ ਪੱਥਰ ਹੈ,
ਕੀ ਕਹੀਏ, ਕਦੋਂ ਕੋਈ ਰਸਤੇ 'ਚੋ ਹਟਾ ਦੇਵੇ।

ਤੀਲੇ ਮੇਰੀ ਝੁੱਗੀ ਦੇ ਮਚਣੋਂ ਅਜੇ ਬਾਕੀ ਹਨ,
ਕਹਿ ਦੇਵੋ ਹਵਾ ਤਾਈਂ, ਕੁਝ ਹੋਰ ਹਵਾ ਦੇਵੇ।

ਇਉਂ "ਦੀਪ" ਮਿਲੇ ਜੀਕਣ, ਹੋਵੇ ਕੋਈ ਅਪਣਾ, ਪਰ
ਨਾ ਸਾਥੋਂ ਪਤਾ ਮੰਗੇ, ਨਾ ਅਪਣਾ ਪਤਾ ਦੇਵੇ।

(ਅੱਠ)

ਮੇਰੇ ਮਨ ਦੇ ਮਾਰੂਥਲ ਵਿਚ, ਏਦਾਂ ਚਲ ਕੇ ਆਈ ਪੀੜ।
ਜਿੱਦਾਂ ਸੌ ਜਨਮਾਂ ਤੋਂ ਹੋਵੇ, ਇਕ ਇਕ ਲੂੰ ਤ੍ਰਿਹਾਈ ਪੀੜ।

ਸੋਚ ਸਮੇਂ ਦੀ ਚੁੱਪ-ਚੁਪੀਤੀ, ਸਭ ਨੂੰ ਏਹੋ ਕਹਿੰਦੀ ਹੈ,
ਹਰ ਪੱਧਰ ਤੇ ਹਰ ਖੇਤਰ ਵਿਚ, ਕਰਦੀ ਹੈ ਅਗਵਾਈ ਪੀੜ।

ਸਾਵੇ ਸਾਵੇ ਪੱਤ ਰੁੱਖਾਂ ਦੇ, ਆਖ਼ਿਰ ਤਕ ਨਾ ਸਮਝਣਗੇ,
ਹਰ ਯੁਗ ਅੰਦਰ ਰੁੰਡ - ਮਰੁੰਡੇ ਰੁੱਖਾਂ ਹਿੱਸੇ ਆਈ ਪੀੜ।

ਕੌਣ ਕਿਸੇ ਦੇ ਦਿਲ ਵਿਚ ਝਾਕੇ, ਕੌਣ ਕਿਸੇ ਦਾ ਸਮਝੇ ਹਾਲ,
ਪਲਕਾਂ ਹੇਠ ਲੁਕਾਕੇ ਹੰਝੂ, ਬੁੱਲਾਂ ਵਿਚ ਮੁਸਕਾਈ ਪੀੜ।

ਹਾਸੇ ਤਾਂ ਪਲ਼ ਛਿਣ ਦੀ ਖ਼ਤਿਰ, ਲੈਂਦੇ ਨੇ ਬੁੱਲਾਂ ਦੀ ਓਟ,
ਮਰਦੇ ਦਮ ਤਕ ਸਾਥ ਨਿਭਾਵੇ ਸੀਨੇ ਵਿਚ ਸਮਾਈ ਪੀੜ।

ਮੇਰੇ ਲੂੰ ਲੂੰ ਅੰਦਰ ਦੌੜੇ, ਬਿਜਲੀ ਵਾਂਗੂੰ ਲਹਿਰ ਕੋਈ,
ਜਦ ਅੱਲ੍ਹੜ ਮੁਟਿਆਰ ਦੇ ਵਾਂਗੂੰ ਲੈਂਦੀ ਅੰਗੜਾਈ ਪੀੜ।

ਵੇ ਵੀਰਾ ਸ਼ਹਿਨਾਈ ਉੱਤੇ, ਜੇ ਕੋਈ ਧੁਨ ਛੇੜੇਂਗਾ,
ਅੱਧੋ - ਰਾਣੀ ਚੁੰਨੀ ਹੇਠਾਂ, ਤੜਪੇਗੀ ਸਧਰਾਈ ਪੀੜ।

ਚੰਦਰੀ ਭੁੱਖ ਤੜਪਾਏ ਜਦ ਵੀ ਮਾਸੂਮਾਂ ਦੀ ਮਮਤਾ ਨੂੰ,
ਦਿਲ ਦੀ ਤਹਿ ਚੋਂ ਨਿਕਲੇ ਹਉਕਾ, ਪਾਵੇ ਹਾਲ ਦੁਹਾਈ ਪੀੜ।

ਮੰਨਿਆਂ ਮੇਰੇ ਭਾਗ ਸੁਵੱਲੇ, ਪਰ ਨਾ ਪੀੜ ਸਵੱਲੀ ਆਖ,
ਅਪਣਾ ਆਪ ਗੁਆ ਕੇ ਮੈਂ ਤਾਂ, ਮਹਿੰਗੇ ਮੁੱਲੋਂ ਪਾਈ ਪੀੜ।

ਜਦ ਵੀ ਮੇਰਾ ਦਮ ਘੁਟਿਆ ਹੈ, ਸ਼ਹਿਰ ਦੇ ਰੌਲੇ-ਗੌਲੇ ਵਿਚ,
ਇਕਲਾਪੇ ਦੀ ਗੋਦ 'ਚ ਬਹਿਕੇ, ਸਾਹਾ ਵਾਂਗ ਹੰਢਾਈ ਪੀੜ।

ਰਾਤ ਗ਼ਮਾਂ ਦੀ ਜੁੱਗੋਂ ਲੰਬੀ, ਬੀਤਣ ਵਿਚ ਨਾ ਆਈ ਜਦ,
"ਦੀਪ" ਅਸਾਂ ਨੇ ਸੋਚ ਸਮਝ ਕੇ, ਦੀਵੇ ਵਾਂਗ ਜਗਾਈ ਪੀੜ।

(ਨੌਂ)

ਚੜ੍ਹਦੀ ਸਵੇਰ ਦੇ ਗਈ ਅਖ਼ਬਾਰ, ਦੇਖੀਏ!
ਕੀ ਕੀ ਹਨੇਰ ਪਾ ਰਿਹੈ ਸੰਸਾਰ, ਦੇਖੀਏ!

ਅਜ- ਕਲ ਤਾਂ ਏਸ ਯੁੱਗ ਦਾ ਏਹੋ ਅਸੂਲ ਹੈ,
ਚਿਹਰਾ ਕਦੇ ਨ ਦੇਖੀਏ, ਦਸਤਾਰ ਦੇਖੀਏ!

ਪੀੜਾਂ ਦੇ ਗੀਤ ਗਾਵੀਏ ਸੁਰ-ਤਾਲ ਵਿਚ ਕਿਵੇਂ ?
ਜੋ ਜੋ ਵੀ ਸਾਜ਼ ਦੇਖੀਏ, ਬੇ-ਤਾਰ ਦੇਖੀਏ!

ਤਿੱਖੀ ਦੁਪਹਿਰ ਉਮਰ ਦੀ ਲੂੰ ਲੂੰ ਨੂੰ ਲੂਹ ਰਹੀ,
ਕੁਝ ਅਪਣੇ ਦਿਲ ਦੀ ਛਾਂ ਕਰੇ ਦਿਲਦਾਰ,ਦੇਖੀਏ!

ਅਜ - ਕੱਲ ਗ਼ਜ਼ਲ ਨੂੰ ਦੇਖਦਾ ਏ "ਦੀਪ" ਇਸ ਤਰ੍ਹਾਂ,
ਫੁੱਲਾਂ ਤੋਂ ਸੂਹਲ ਜਿਸ ਤਰ੍ਹਾਂ ਮੁਟਿਆਰ ਦੇਖੀਏ!

(ਦਸ)

ਉੱਠਣੀ ਤੇ ਬਹਿਣੀ ਬੇਸ਼ਕ ਯਾਰਾਂ ਦੇ ਨਾਲ ਰੱਖੀਏ।
ਐਪਰ ਮਿਜਾਜ਼ ਅਪਣਾ, ਅਪਣੀ ਹੀ ਚਾਲ ਰੱਖੀਏ।

ਜਦ ਵੀ ਇਕੱਲੇ ਹੋਈਏ, ਜਦ ਵੀ ਇਕਾਂਤ ਲੱਭੇ,
ਕਰ ਲਈਏ ਯਾਦ ਤੈਨੂੰ, ਯਾਦਾਂ ਸੰਭਾਲ ਰੱਖੀਏ।

ਕਾਇਮ ਹਾਂ ਅਪਣੀ ਥਾਂ ਤੇ, ਬੇਸ਼ਕ ਹਾਂ ਨੰਗੇ ਧੜ ਹੀ,
ਜ਼ਿੰਦਾ-ਦਿਲੀ ਦਾ ਸਦਕਾ, ਜ਼ਿੰਦਾ ਮਿਸਾਲ ਰੱਖੀਏ।

ਮਹਿਫ਼ਿਲ ਕਿਸੇ ਦੀ ਹੋਵੇ, ਸਾਨੂੰ ਨਾ ਫ਼ਰਕ ਕੋਈ,
ਆਪਣਾ ਦਿਮਾਗ਼ ਰੱਖੀਏ, ਅਪਣੇ ਖ਼ਿਆਲ ਰੱਖੀਏ।

ਜ਼ੁਲਫ਼ਾਂ ਦੀ ਕੈਦ ਵਿੱਚੋਂ ਮਿਲਦੀ ਨਹੀਂ ਰਿਹਾਈ,
ਸਮਝਾਈਏ ਰੋਜ਼ ਦਿਲ ਨੂੰ, ਨਿੱਤ ਟਾਲ ਟਾਲ ਰੱਖੀਏ।

ਅਪਣੇ ਲਈ ਹੀ ਜੀਣਾ, ਜੀਣਾ ਹੈ ਕੀ ਜ਼ਰੂਰੀ ?
ਹਰ ਵਕਤ ਅਪਣੇ ਅੱਗੇ ਏਹੋ ਸਵਾਲ ਰੱਖੀਏ।

ਹਰ ਵਹਿਣ ਅਪਣੇ ਰਸਤੇ ਲੰਘ ਜਾਏ ਚੁਪ-ਚੁਪੀਤਾ,
ਚਾਹੁੰਦੇ ਹਾਂ ਜੇ ਅਸੀਂ ਵੀ, ਫਿਰ ਕਿਉਂ ਨਾ ਢਾਲ ਰੱਖੀਏ।

ਦੁਨੀਆਂ 'ਚ ਹਰ ਤਰ੍ਹਾਂ ਦੇ ਵਸਦੇ ਨੇ ਲੋਕ ਜਿੱਦਾਂ,
ਆਪਾਂ ਵੀ ਅਪਣਾ ਹਿਰਦਾ, ਓਵੇਂ ਵਿਸ਼ਾਲ ਰੱਖੀਏ।

ਚੰਨ-ਚਾਨਣੀ ਦਾ ਚਾਨਣ, ਬੱਦਲਾਂ ਨੇ ਖੋਹ ਲਿਆ ਜਦ,
ਆਇਆ ਖ਼ਿਆਲ, ਕਿਉਂ ਨਾ ਇਕ ਦੀਵਾ ਬਾਲ ਰੱਖੀਏ।

ਜਿੱਦਾਂ ਦਾ ਦਿਲ ਅਸਾਡਾ, ਓਦਾਂ ਦਾ ਹਰ ਕਿਸੇ ਦਾ,
ਹੋਰਾਂ ਤੇ ਚੋਟ ਵੇਲੇ ਏਨਾਂ ਖ਼ਿਆਲ ਰੱਖੀਏ।

ਐ "ਦੀਪ" ਤੂੰ ਹੈਂ ਰੌਸ਼ਨ, ਡਾਢਾ ਹੈ ਮਾਣ ਸਾਨੂੰ,
'ਨੇੜ੍ਹੇ 'ਚ ਤੈਨੂੰ ਤਾਹੀਓਂ ਨਿਤ ਨਾਲ ਨਾਲ ਰੱਖੀਏ।

(ਗਿਆਰਾਂ)

ਅਸੀਂ ਲੋਕਾਂ 'ਚ ਰਹਿਣਾ ਹੈ, ਤੇ ਲੋਕਾਂ ਨਾਲ ਰਹਿਣਾ ਹੈ,
ਅਸਾਡਾ ਫ਼ੈਸਲਾ ਹੈ ਇਹ॥
ਜੋ ਲੋਕਾਂ ਦੇ ਨਹੀਂ ਬਣਦੇ,ਉਨ੍ਹਾਂ ਦੀ ਜੜ੍ਹ 'ਚ ਬਹਿਣਾ ਹੈ,
ਅਸਾਡਾ ਫ਼ੈਸਲਾ ਹੈ ਇਹ॥

ਜਿਨ੍ਹਾਂ ਦੇ ਮੂੰਹ ਲਹੂ ਲਗਿਐ ਉਨ੍ਹਾਂ ਨੇ ਬਾਜ਼ ਨਈਂ ਆਉਣਾ,
ਹੈ ਸਾਨੂੰ ਇਲਮ ਇਸ ਗੱਲ ਦਾ,
ਉਨ੍ਹਾਂ ਨੂੰ ਨੱਥ ਪਾਉਣੀ ਹੈ, ਉਨ੍ਹਾਂ ਦੇ ਸਿਰ ਤੇ ਬਹਿਣਾ ਹੈ,
ਅਸਾਡਾ ਫ਼ੈਸਲਾ ਹੈ ਇਹ॥

ਅਸੀਂ ਸਿਰ ਲੱਥ ਜਿੰਦਾਂ ਹਾਂ, ਅਸੀਂ ਨਈਂ ਪੂਰ ਚਿੜੀਆਂ ਦਾ,
ਭੁਲੇਖੇ ਵਿਚ ਨਾ ਰਹਿਣਾ,
ਉਨ੍ਹਾਂ ਦੇ ਸਾਮ੍ਹਣੇ ਖੜ੍ਹਕੇ, ਉਨ੍ਹਾਂ ਨੂੰ ਡਟ ਕੇ ਕਹਿਣਾ ਹੈ,
ਅਸਾਡਾ ਫ਼ੈਸਲਾ ਹੈ ਇਹ॥

ਮੁਹੱਬਤ ਨਾਲ ਆਉਗੇ, ਤਾਂ ਸੀਨੇ ਨਾਲ ਲਾਵਾਂਗੇ,
ਮੁਹੱਬਤ ਦੇ ਪੁਜਾਰੀ ਹਾਂ,
ਨਾ ਫੋਕਾ ਰੋਬ੍ਹ ਪਾਉਣਾ ਹੈ, ਨਾ ਫੋਕਾ ਰੋਬ੍ਹ ਸਹਿਣਾ ਹੈ,
ਅਸਾਡਾ ਫ਼ੈਸਲਾ ਹੈ ਇਹ॥

ਅਸੀਂ ਲੋਕਾਂ ਲਈ ਜੀਣੈ, ਅਸੀਂ ਲੋਕਾਂ ਲਈ ਮਰਨੈ,
ਅਸੀਂ ਤਾਕਤ ਹਾਂ ਲੋਕਾਂ ਦੀ,
ਅਸੀਂ ਕਮਜ਼ੋਰ ਨਾੜਾਂ ਵਿੱਚ ਬਣਕੇ ਖ਼ੂਨ ਵਹਿਣਾ ਹੈ,
ਅਸਾਡਾ ਫ਼ੈਸਲਾ ਹੈ ਇਹ॥

ਹਵਾ ਸਾਡੇ ਮੁਖ਼ਾਲਿਫ਼ ਹੈ, ਤਾਂ ਕੀ ਹੋਇਆ, ਨਹੀਂ ਚਿੰਤਾ,
ਡਟਾਂਗੇ ਪਰਬਤਾਂ ਵਾਂਗੂੰ,
ਅਸਾਡੇ 'ਚੋਂ ਕਿਸੇ ਨੇ ਵੀ, ਨ ਢੇਰੀ ਵਾਂਗ ਢਹਿਣਾ ਹੈ,
ਅਸਾਡਾ ਫ਼ੈਸਲਾ ਹੈ ਇਹ॥

ਹਨੇਰਾ ਚੀਰ ਕੇ ਜੀਕਣ, ਕੋਈ ਉਡਦਾ ਟਟਹਿਣਾ ਹੈ,
ਓਵੇਂ ਹੀ ਆਪਣੇ ਚਿੱਤੋਂ,
ਅਸਾਂ 'ਨ੍ਹੇਰੇ ਦੀ ਜੱਦ ਅੰਦਰ, ਸਦਾ ਬਣਨਾ ਟਟਹਿਣਾ ਹੈ,
ਅਸਾਡਾ ਫ਼ੈਸਲਾ ਹੈ ਇਹ॥

ਅਸੀਂ ਰਖਦੇ ਨਹੀਂ ਖਹਿਬਾਜ਼ੀਆਂ ਅਪਣੇ ਦਿਲਾਂ ਅੰਦਰ,
ਕਿ ਸਾਡੀ ਰੂਹ ਨਹੀਂ ਮੰਨਦੀ,
ਅਸਾਂ ਨੇ ਨਾਲ ਰਹਿਣਾ ਹੈ, ਤੇ ਮੋਢੇ ਨਾਲ ਖਹਿਣਾ ਹੈ,
ਅਸਾਡਾ ਫ਼ੈਸਲਾ ਹੈ ਇਹ॥

ਮੈਂ ਮੰਨਦਾਂ "ਦੀਪ" ਮਿੱਟੀ ਦੈ, ਮਗਰ ਜਦ ਤਕ ਸਲਾਮਤ ਹੈ,
ਇਹ ਵੰਡੂ ਚਾਨਣਾ ਹਰ ਥਾਂ,
ਅਸਾਂ ਨੇ "ਦੀਪ" ਦੀ ਬੁੱਕਲ 'ਚ ਚਾਨਣ ਵਾਂਗ ਬਹਿਣਾ ਹੈ,
ਅਸਾਡਾ ਫ਼ੈਸਲਾ ਹੈ ਇਹ॥

(ਬਾਰਾਂ)

ਮੇਰੇ ਮਨ ਵਿਚ ਕਿਉਂ ਇਹ ਸ਼ੋਰ ਉਚੇਰਾ ਹੈ।
ਰੌਸ਼ਨੀਆਂ ਦੇ ਸ਼ਹਿਰ ਅੰਦਰ ਵੀ ਨੇਰ੍ਹਾ ਹੈ।

ਜ਼ਾਲਿਮ ਨੂੰ ਉਹ ਜ਼ਾਲਿਮ ਕਹਿਣੋਂ ਡਰਦਾ ਏ,
ਮੇਰੇ ਜਿੰਨਾਂ ਕਿੱਥੇ ਉਸ ਵਿਚ ਜੇਰਾ ਹੈ।

ਨਜ਼ਰ ਉਠਾ ਕੇ ਤੱਕਣਾ ਆਉਂਦੈ ਮੈਨੂੰ ਵੀ,
ਕੀ ਹੋਇਆ ਜੇ ਤੇਰਾ ਕੱਦ ਉਚੇਰਾ ਹੈ।

ਧਰਤੀ ਅੰਬਰ ਗਾਹ ਆਉਂਦੀ ਹੈ ਮੇਰੀ ਸੋਚ,
ਤੇਰਾ ਡੇਰਾ ਤਾਂ ਇਕ ਸੀਮਤ ਡੇਰਾ ਹੈ।

ਪੂਰਾ ਜੀਵਨ ਇਸ ਦੇ ਲੇਖੇ ਲਾਇਐ ਮੈਂ,
ਕੀਕਣ ਆਖਾਂ, ਦੁਨਿਆਂ ਰੈਣ - ਬਸੇਰਾ ਹੈ।

ਕਿਉ ਨ ਧੜਕੇ ਜ਼ੋਰੋ ਜ਼ੋਰੀ ਮੇਰਾ ਦਿਲ,
ਸਜਣਾ, ਮੇਰੇ ਸੀਨੇ ਤੇ ਹੱਥ ਤੇਰਾ ਹੈ।

ਬਾਹਰੋਂ ਤਾਂ ਸਭ ਸਿਮਟੇ ਸਿਮਟੇ ਦਿਸਦੇ ਹਨ,
ਅੰਦਰ ਝਾਕ ਕੇ ਦੇਖੋ ਕਿਵੇਂ ਖਲੇਰਾ ਹੈ।

ਬੇਸ਼ਕ ਅਖੀਆਂ ਸਾਹਵੇਂ ਹੈ ਉਹ, ਦੂਰ ਨਹੀਂ,
ਫਿਰ ਵੀ ਦਿਲ ਤੋਂ ਦਿਲ ਤਕ ਪੰਧ ਲਮੇਰਾ ਹੈ।

ਜਦ ਵੀ ਰੌਸ਼ਨ ਕੀਤਾ "ਦੀਪ" ਹਨੇਰੇ ਵਿਚ,
ਚਾਨਣ ਚਾਨਣ ਹੋਇਆ ਚਾਰ - ਚੁਫੇਰਾ ਹੈ।

(ਤੇਰਾਂ)

ਲਗਦੈ ਅਪਣੇ ਜੀਵਨ ਦੀ ਉਹ ਭੁੱਬਲ ਫੋਲ ਰਿਹੈ।
ਸ਼ਾਇਦ ਕੋਈ ਬਚੀ-ਖੁਚੀ ਚੰਗਿਆੜੀ ਟੋਲ ਰਿਹੈ।

ਔਖੇ ਵੇਲੇ ਅਕਸਰ ਅਪਣੇ ਛਡ ਜਾਂਦੇ ਨੇ ਸਾਥ,
ਕੀ ਹੋਇਆ ਜੇ ਭੌਰ ਅਸਾਡਾ ਵੀ ਪਰ ਤੋਲ ਰਿਹੈ।

ਵਕਤ ਗਿਆ ਤੇ ਲਾਲ ਗੁਆਚੇ ਮੁੜ ਕਦ ਆਏ ਹੱਥ,
ਰੁਤਬਾ ਹਰ ਦਮ ਚੜ੍ਹਦੇ ਸੂਰਜ ਦਾ ਕਿਸ ਕੋਲ ਰਿਹੈ।

ਆਦਿ ਸਮੇਂ ਤੋਂ ਹੀ ਜ਼ੋਰਾਵਰ ਕਰਦੇ ਆਏ ਜ਼ੋਰ,
ਏਸੇ ਲਈ ਇਨਸਾਫ਼-ਤਰਾਜੂ ਅਜ ਵੀ ਡੋਲ ਰਿਹੈ।

ਹੱਡਾ-ਰੋੜੀ ਛੱਡ ਕਿਉਂ ਉਡੀਆਂ ਗਿਰਝਾਂ ਕਬਰਾਂ ਵੱਲ,
ਕਿਉਂ ਅਜ ਮੇਰਾ ਹਿਰਦਾ ਆਪ-ਮੁਹਾਰਾ ਡੋਲ ਰਿਹੈ ?

ਰੀਝਾਂ, ਸਧਰਾਂ, ਹਾਸੇ, ਖੇੜੇ, ਖ਼ੁਸ਼ੀਆਂ, ਚਾਵਾਂ ਦਾ,
ਨਾਲ ਗ਼ਮਾਂ ਦੇ ਭੋਲੇ ਸਾਥੀ, ਕਦ ਸਮ-ਤੋਲ ਰਿਹੈ ?

ਸ਼ਾਇਦ ਏਦਾਂ ਹੀ ਕੁਝ ਤਪਦੀ ਹਿੱਕ ਦਾ ਸੇਕ ਘਟੇ,
ਕੋਈ ਅੱਖੀਆਂ ਥਾਂਣੀ ਤਿਪ ਤਿਪ ਹੰਝੂ ਡੋਲ੍ਹ ਰਿਹੈ।

ਕੰਬਦੇ ਹੱਥੋਂ ਡਿਗੀ ਡੰਗੋਰੀ ਵੇਖਕੇ ਆਈ ਸੋਚ,
ਕੋਈ ਸਹਾਰਾ ਬਿਨਾਂ ਸਹਾਰੇ ਕਿਸ ਦੇ ਕੋਲ ਰਿਹੈ ?

ਬੇਸ਼ੱਕ ਸੂਰਜ ਦੇ ਚਾਨਣ ਦਾ ਕੋਈ ਮੁੱਲ ਨਹੀਂ,
ਪਰ 'ਨੇਰ੍ਹੇ ਵਿਚ "ਦੀਪ" ਦਾ ਚਾਨਣ ਵੀ ਅਣਮੋਲ ਰਿਹਾ।

(ਚੌਦਾਂ)

ਇਸ਼ਕ ਦਿਲ ਮੁਕਾਮ ਚਾਹੁੰਦਾ ਹੈ।
ਹੁਸਨ ਦੁਨੀਆਂ 'ਚ ਨਾਮ ਚਾਹੁੰਦਾ ਹੈ।

ਹਰ ਸਮੇਂ 'ਰਾਮ ਰਾਮ' ਕੌਣ ਕਰੇ,
ਦਿਲ ਨਵਾਂ ਇੰਤਜ਼ਾਮ ਚਾਹੁੰਦਾ ਹੈ।

ਜਿਸ ਦੀ ਕੁੱਲੀ ਤੇ ਕੱਖ ਨਹੀਂ ਦਿਸਦਾ,
ਉਹ ਵੀ ਰੰਗੀਨ ਸ਼ਾਮ ਚਾਹੁੰਦਾ ਹੈ।

ਖ਼ੂਬਸੂਰਤ ਨਹੀਂ ਹੈ ਭਾਵੇਂ ਉਹ,
ਖ਼ੂਬਸੂਰਤ ਨਜ਼ਾਮ ਚਾਹੁੰਦਾ ਹੈ।

ਉਹ ਜੋ ਦਾਰੂ ਤੋਂ ਕਰ ਗਿਆ ਤੌਬਾ,
ਸ਼ੋਖ਼ ਨਜ਼ਰਾਂ ਦੇ ਜਾਮ ਚਾਹੁੰਦਾ ਹੈ।

ਆਪ ਕਹਿੰਦੈ, 'ਗ਼ੁਲਾਮ ਕਿਉਂ ਹੋਵਾਂ',
ਅਪਣੀ ਖ਼ਾਤਿਰ ਗ਼ੁਲਾਮ ਚਾਹੁੰਦਾ ਹੈ।

ਉਹ ਬੜਾ ਬੇ-ਲਗ਼ਾਮ ਹੈ ਅਜ-ਕਲ,
ਹਰ ਕਿਸੇ ਦੀ ਲਗ਼ਾਮ ਚਾਹੁੰਦਾ ਹੈ।

ਹੁਣ ਨਹੀਂ ਉਸ ਨੂੰ ਕੋਈ ਵੀ ਮਤਲਬ,
ਹੁਣ ਤਾਂ ਉਹ 'ਰਾਮ ਰਾਮ' ਚਾਹੁੰਦਾ ਹੈ।

"ਦੀਪ" ਉਸ ਨਾਲ ਕਿਉਂ ਕਲਾਮ ਕਰੇ,
ਹੋਣਾ ਜੋ ਬਦ-ਕਲਾਮ ਚਾਹੁੰਦਾ ਹੈ।

## (ਪੰਦਰਾਂ)

ਜੇ ਸਾਡੀ ਸੋਚ ਹੋਰਾਂ ਵਾਸਤੇ ਕੰਜੂਸ ਨਾ ਹੋਵੇ।
ਤਾਂ ਹਰ ਚਿਹਰਾ ਭਲਾ ਲੱਗੇ, ਕੋਈ ਮਨਹੂਸ ਨਾ ਹੋਵੇ।

ਅਗਰ ਇਹ ਸੱਚ ਹੈ, ਇਕ ਦੂਸਰੇ ਦੀ ਜਾਨ ਹਾਂ ਅਪਾਂ,
ਤਾਂ ਫਿਰ ਕਿਉਂ ਇਕ ਦੁਏ ਦਾ ਜ਼ਹਿਰ ਸਾਥੋਂ ਚੂਸ ਨਾ ਹੋਵੇ।

ਨਹੀਂ ਪੱਥਰ ਨੂੰ ਕੋਈ ਫ਼ਰਕ, ਪੂਜੋ ਜਾਂ ਵਗਾਹ ਮਾਰੋ,
ਮੈਂ ਜਿਊਂਦੀ ਜਾਨ ਹਾਂ, ਮੈਨੂੰ ਕਿਵੇਂ ਮਹਿਸੂਸ ਨਾ ਹੋਵੇ।

ਬੜੇ ਮੌਕੇ ਨੇ ਬੰਦੇ ਨੂੰ ਤਰੱਕੀ ਵਾਸਤੇ ਐ ਦਿਲ !
ਮਗਰ ਹੈ ਸ਼ਰਤ ਬੱਸ ਏਨੀ ਕਿ ਉਹ ਮਾਯੂਸ ਨਾ ਹੋਵੇ।

ਕੋਈ ਤੀਲੀ, ਕੋਈ ਅੰਗਿਆਰ ਅੱਗ ਭੜਕਾ ਨਹੀਂ ਸਕਦਾ,
ਜੇ ਸਾਡੇ ਮਨ ਦੀਆਂ ਤੈਹਾਂ 'ਚ ਕਿਧਰੇ ਫੂਸ ਨਾ ਹੋਵੇ।

ਜਗਾਈਏ ਤਾਂ ਜਗੇ ਇਕ ਦਮ, ਬੁਝਾਈਏ ਤਾਂ ਬੁਝੇ ਇਕ ਦਮ,
ਕਿਸੇ ਇਨਸਾਨ ਦਾ ਦਿਲ ਇਸ ਤਰ੍ਹਾਂ ਫ਼ਾਨੂਸ ਨਾ ਹੋਵੇ।

ਬੜਾ ਮਾਸੂਮ ਬਣ ਕੇ, ਦੇਖ ਕੇ ਅਣ-ਦੇਖਿਆ ਕਰਦੈ,
ਦਿਲਾ ਦੇਖੀਂ ! ਇਹ ਦਿਲਬਰ ਦਾ ਕਿਤੇ ਜਾਸੂਸ ਨਾ ਹੋਵੇ।

ਸਮੁੱਚੀ ਧਰਤ ਹੋਵੇ ਇੱਕ, ਨ ਵੰਡੇ ਏਸ ਨੂੰ ਕੋਈ,
ਕਿਤੇ ਵੀ ਚੀਨ, ਅਮਰੀਕਾ, ਕਨੇਡਾ, ਰੂਸ ਨਾ ਹੋਵੇ।

ਅਨੇਕਾਂ ਸ਼ਾਇਰਾਂ ਵਰਗਾ ਹੀ ਜਾਪੇ "ਦੀਪ" ਵੀ ਸਾਨੂੰ,
ਜੇ ਉਸਦੇ ਸ਼ਿਅਰਾਂ ਦਾ ਅੰਦਾਜ਼ ਕੁਝ ਮਖ਼ਸੂਸ ਨਾ ਹੋਵੇ।

## (ਸੋਲਾਂ)

ਖੰਡਰਾਂ ਦੇ ਕੋਲ ਕੋਈ ਫੁੱਲ ਉਗਾ ਕੇ ਦੇਖੀਏ।
ਮੌਤ ਨੂੰ ਵੀ ਜ਼ਿੰਦਗੀ ਦੇ ਭਾਗ ਲਾ ਕੇ ਦੇਖੀਏ।

'ਨ੍ਹੇਰ ਦੀ ਵਾਦੀ 'ਚ ਹੜ੍ਹ ਚਾਨਣ ਦਾ ਆਉਂਦੈ ਕਿਸ ਤਰ੍ਹਾਂ,
ਅਪਣੇ ਹੱਥੀਂ ਆਪਣਾ ਹੀ ਘਰ ਜਲਾ ਕੇ ਦੇਖੀਏ।

ਕਿਉਂ ਕਿਸੇ ਦੇ ਦਿਲ 'ਚ ਖੁੱਭੇ ਪੀੜ ਸਾਡੀ ਸੂਲ ਵਾਂਗ,
ਅਪਣੇ ਅਪਣੇ ਜ਼ਖ਼ਮ ਸਜਰੇ ਫੁਲ ਬਣਾ ਕੇ ਦੇਖੀਏ।

ਆ ਕਿਸੇ ਸੰਘਣੇ ਜਿਹੇ ਬੋਹੜ ਦੀ ਛਾਵੇਂ ਬੈਠ ਕੇ,
ਦਿਲ 'ਚ ਧੁਖਦੀ ਅੱਗ ਦੇ ਭਾਂਬੜ ਮਚਾ ਕੇ ਦੇਖੀਏ।

ਕਿੰਨਾਂ ਫਬਦੈ ਰਾਤ ਦੀ ਬੁੱਕਲ 'ਚ ਸੂਹਾ ਚਾਨਣਾ,
ਤੇਲ ਦੀ ਥਾਂ ਦੀਵਿਆਂ ਵਿਚ ਖ਼ੂਨ ਪਾ ਕੇ ਦੇਖੀਏ।

ਆਪਣੀ ਦੁਨੀਆਂ 'ਚ ਬੇਖ਼ਬਰੇ ਕੌਣ ਕੀਕਣ ਜੀ ਰਿਹੈ,
ਚਿਹਰਿਆਂ ਤੋਂ ਹਾਸਿਆਂ ਦੇ ਘੁੰਡ ਚਾ ਕੇ ਦੇਖੀਏ।

ਚੰਨ, ਸੂਰਜ, ਤਾਰੇ, ਧਰਤੀ ਸਾਰੇ ਹਨ ਸਾਡੇ ਲਈ,
"ਦੀਪ" ਆਪਾਂ ਕਿਸੇ ਤੋਂ ਘਟ ਹਾਂ, ਸਿਰ ਉਠਾ ਕੇ ਦੇਖੀਏ।

## (ਸਤਾਰਾਂ)

ਮਤਲਬ ਦੇ ਪਿਆਰ- ਚੋਚਲੇ ਤੇ ਮਿਠੀਆਂ ਘੂਰੀਆਂ।
ਅਜ ਕਿਸ ਨੂੰ ਆਉਂਦੀਆਂ ਨਹੀਂ, ਇਹ “ਜੀ-ਹਜ਼ੂਰੀਆਂ” ?

ਰਾਂਝਾ ਜੇ ਪਾਲੀ ਹੋਇਆ, ਕੀ ਅਹਿਸਾਨ ਹੀਰ ਤੇ,
ਹਰ ਕੋਈ ਆਪਣੀ ਗ਼ਰਜ ਨੂੰ ਕਰਦੈ ''ਮਜੂਰੀਆਂ''।

ਕਿਉਂ ਨਾ ਕਿਸੇ ਸ਼ਿਕਾਰੀ ਨੂੰ ਹੋਵੇ ਤੇਰੀ ਤਲਾਸ਼,
ਖਿੰਡੀਆਂ ਨੇ ਦੂਰ ਦੂਰ ਤਕ ਮਹਿਕਾਂ ਕਥੂਰੀਆਂ।

ਮਜਬੂਰੀਆਂ ਨੂੰ ਕਿੰਜ ਹੰਡਾਉਂਦੇ ਨੇ ਲੋਕ, ਵੇਖ!
ਲੀਰਾਂ ਨੇ ਤਨ ਤੇ ਪਾਟੀਆਂ, ਖੁੱਲ੍ਹੀਆਂ ਲਟੂਰੀਆਂ!

ਕਦ ਤਕ ਰਹੇਗੀ ਓਸ ਦੀ ਬਸ ਏਨੀ ਹੀ ਪਛਾਣ,
ਗੋਰਾ ਨਿਛੋਹ ਹੈ ਜਿਸਮ ਤੇ ਅੱਖਾਂ ਨੇ ਭੂਰੀਆਂ।

ਸੁੱਝੇ ਨ ਇਸ ਸਵਾਲ ਦਾ ਮੈਨੂੰ ਕੋਈ ਜਵਾਬ,
ਕਿਉਂ ਰੀਝ ਬਣਕੇ ਰਹਿ ਗਈਆਂ ਰੁੱਤਾਂ ਸੰਧੂਰੀਆਂ ?

ਇਕ ਦੂਸਰੇ ਨੂੰ ਨੇੜਤਾ ਦੀ ਤਾਂਘ ਨਿਤ ਰਹੇ,
ਐ ''ਦੀਪ'' ਏਨੀਆਂ ਕੁ ਸਦਾ ਰਹਿਣ ਦੂਰੀਆਂ।

(ਅਠਾਰਾਂ)

ਜਦ ਵੀ ਪੁੱਛੇ ਮੈਂ ਅਪਣੇ ਹਮਦਰਦਾਂ ਦੇ ਸਿਰਨਾਵੇਂ।
ਮੈਨੂੰ ਮੇਰੇ ਦਿਲ ਨੇ ਦੱਸੇ, ਕੰਡਿਆਂ ਦੇ ਸਿਰਨਾਵੇਂ।

ਕਲ ਜੋ ਬੰਦਾ ਡਾਢਾ ਖ਼ੁਸ਼ ਸੀ, ਰੋਲ ਮਧੋਲ ਕੇ ਕਲੀਆਂ,
ਅਜ ਕਿਉਂ ਰੋ ਰੋ ਪੁਛਦਾ ਫਿਰਦੈ, ਮਹਿਕਾਂ ਦੇ ਸਿਰਨਾਵੇਂ।

ਗਈਆਂ ਖ਼ੁਸ਼ੀਆਂ ਜਦ ਵੀ ਮੁੜੀਆਂ, ਮੁੜ ਆਵਣਗੇ ਆਪੇ,
ਕਿਤੇ ਨਾ ਜਾਣੇ ਤਿੱਤਰ ਹੋਏ ਮਿਤਰਾਂ ਦੇ ਸਿਰਨਾਵੇਂ।

ਸਿਖ਼ਰ ਦੁਪਹਿਰੇ ਸੜਦੀ ਬਲਦੀ ਲੂ ਵਗਦੀ ਨਾ ਜੇ ਕਰ,
ਕਿਸ ਪੁਛਣੇ ਸਨ ਛਾਂਵਾਂ ਕਰਦੇ ਰੁੱਖਾਂ ਦੇ ਸਿਰਨਾਵੇਂ।

ਕਿੰਝ ਸਮਝਾਵਾਂ ਅਪਣੇ ਮਨ ਨੂੰ ਕਿ ਇਸ ਨਗਰੀ ਅੰਦਰ,
ਕਿਉਂ ਨਈਂ ਲਭਦੇ ਪਿੰਡਾਂ ਜਿਹੀਆਂ ਸੱਥਾਂ ਦੇ ਸਿਰਨਾਵੇਂ।

ਜਿਊਂਦੇ ਜੀ ਨਾ ਲੱਭੀ ਜੰਨਤ, ਮਰ ਕੇ ਕਿੱਥੋਂ ਲਭਣੀ,
ਮੇਰੇ ਮਿਤਰਾ, ਨਾ ਦਸ ਮੈਨੂੰ ਹੂਰਾਂ ਦੇ ਸਿਰਨਾਵੇਂ।

ਜਦ ਵੀ ਗੱਜਣ ਕਾਲੇ ਬੱਦਲ, ਤਾਂ ਇਉਂ ਲੱਗੇ ਜੀਕਣ,
ਮੈਥੋਂ ਪੁੱਛ ਰਹੇ ਨੇ ਕੱਚੀਆਂ ਛੱਤਾਂ ਦੇ ਸਿਰਨਾਵੇਂ।

ਜਿਸ ਦੇ ਸਿਰ ਤੇ ਚਿੱਟੀ ਚੁੰਨੀ, ਉਸ ਨੂੰ ਕੌਣ ਸੰਭਾਲੇ,
ਕਿਹੜਾ ਸਾਂਭ ਕੇ ਰਖਦੈ ਟੁਟੀਆਂ ਵੰਗਾਂ ਦੇ ਸਿਰਨਾਵੇਂ।

ਉਸ ਦੇ ਅਪਣੇ ਚਿਹਰੇ ਤੋਂ ਰੰਗ, ਕਿਉਂ ਨਾ ਲੱਭੇ ਕੋਈ,
ਹੋਰਾਂ ਨੂੰ ਜੋ ਦਸਦਾ ਫਿਰਦੈ ਰੰਗਾਂ ਦੇ ਸਿਰਨਾਵੇਂ।

ਹੋ ਸਕਦਾ ਹੈ ਕਲ ਨੂੰ ਉਹ ਇਕ ਝੁੱਗੀ ਨੂੰ ਵੀ ਤਰਸਣ,
ਅੱਜ ਜਿਨ੍ਹਾਂ ਦੇ ਨਾਂ ਅੱਗੇ ਹਨ ਮਹਿਲਾਂ ਦੇ ਸਿਰਨਾਵੇਂ।

"ਦੀਪ" ਇਕੱਲਾ ਹੁੰਦੈ ਜਦ ਵੀ, ਇੱਕਲ-ਵਾਂਝੇ ਬਹਿ ਕੇ,
ਭੁਲੀਆਂ ਯਾਦਾਂ ਨੂੰ ਦਸਦਾ ਹੈ ਗ਼ਜ਼ਲਾਂ ਦੇ ਸਿਰਨਾਵੇਂ।

## (ਉੱਨੀਂ)

ਬਾਤ ਇਕ ਅਰਸੇ ਤੋਂ ਦਰਪੇਸ਼ ਹੈ ਮੁੱਦਆ ਬਣਕੇ।
ਕੋਈ ਕਿਉਂ ਜੀਵੇ ਕਿਸੇ ਹੋਰ ਦਾ ਪੁਤਲਾ ਬਣਕੇ।

ਕੋਈ ਚਾਹੇ ਤਾਂ ਸਮੁੰਦਰ 'ਚ ਸਮਾਏ ਬੇਸ਼ਕ,
ਮੇਰੀ ਇੱਛਾ ਹੈ ਕਿ ਵਹਿੰਦਾ ਰਹਾਂ ਦਰਿਆ ਬਣਕੇ।

ਅਪਣੀ ਹਸਤੀ ਹੈ ਤਾਂ ਸਭ ਕੁਛ ਹੈ, ਨਹੀਂ ਕੁਛ ਵੀ ਨਹੀਂ,
ਬਾਤ ਇਹ ਦਿਲ 'ਚ ਮਿਰੇ ਵਸ ਗਈ ਨੁਕਤਾ ਬਣਕੇ।

ਕਿਉਂ ਨ ਪੱਥਰ ਦਿਸੇ ਉਹ ਸਖ਼ਸ਼, ਜੋ ਅੰਦਰੋ ਅੰਦਰ,
ਇਕ ਸਮੰਦਰ ਦੀ ਜਗ੍ਹਾ ਰਹਿ ਗਿਆ ਸਹਿਰਾ ਬਣਕੇ।

ਵਕਤ ਹੀ ਚਿੜੀਆਂ ਜਿਹੀ ਸੋਚ ਬਣਾ ਦਿੰਦਾ ਹੈ,
ਵਕਤ ਹੀ ਦਸਦੈ ਕਿਵੇਂ ਜੀਣਾ ਹੈ ਸ਼ਿਕਰਾ ਬਣਕੇ।

ਅਪਣੇ ਵਿਸ਼ਵਾਸ਼ ਤੇ ਕਾਇਮ ਰਹੇ ਤਾਂ ਦੇਖ ਲਿਉ,
ਵਕਤ ਖ਼ੁਦ ਆਏਗਾ ਸਾਡੇ ਲਈ ਜ਼ਰੀਆ ਬਣਕੇ।

ਨੇੜਿਉਂ ਦੇਖੇ, ਦਿਸੇ ਪਾਣੀਉਂ ਪਤਲੇ ਓਹੀ,
ਜੋ ਸਦਾ ਦੂਰ ਤੋਂ ਦਿਸਦੇ ਰਹੇ ਦੁਧੀਆ ਬਣਕੇ।

ਅਪਣੀ ਮਸਤੀ 'ਚ ਅਸੀਂ ਵਧਦੇ ਰਹੇ ਮੰਜ਼ਿਲ ਵਲ,
ਦੇਖਦੇ ਰਹਿ ਗਏ, ਜੋ ਆਏ ਸੀ ਖ਼ਤਰਾ ਬਣਕੇ।

''ਦੀਪ'' ਜੇ ਚਾਹੁੰਨੈ ਜ਼ਰਾ ਹੋਰ ਨਿਖ਼ਰ ਜਾਵਾਂ ਮੈਂ,
ਆ ਕਦੇ ਬੈਠ ਮਿਰੇ ਸ੍ਾਮਣੇ ਸੀਸ਼ਾ ਬਣਕੇ।

(ਵੀਹ)

ਇਕ ਅੱਖ ਰੋਵੇ, ਇਕ ਹੱਸੇ, ਦਿਲ ਕੁਰਲਾਵੇ, ਦੇਖੇ ਕੌਣ ?
ਜਿੰਦ ਮਨੁਖ ਦੀ ਪੁੜਾਂ ਵਿਚਾਲੇ, ਕੌਣ ਛੁੜਾਵੇ, ਦੇਖੇ ਕੌਣ ?

ਬਾਹਰੋਂ ਤਾਂ ਸਭ ਮੇਰੇ ਵਾਂਗੂੰ ਦੇਖਣ ਨੂੰ ਹਨ ਸੀਸ਼-ਮਹੱਲ,
ਐਪਰ ਅੰਦਰੋਂ ਕਿੰਨੇਂ ਖੰਡਰ, ਝਾਤੀ ਪਾਵੇ, ਦੇਖੇ ਕੌਣ ?

ਇੱਛਾ ਹੈ ਅਜ ਸਭ ਦੀ ਏਹੋ, ਹਰ ਥਾਂ ਝੁੱਲੀਏ ਪਰਚਮ ਵਾਂਗ,
ਇਸ ਦੇ ਬਦਲੇ, ਕੋਈ ਜੀਵੇ ਜਾਂ ਮਰ ਜਾਵੇ, ਦੇਖੇ ਕੌਣ ?

ਡਾਲੀ ਉੱਤੇ ਫੁੱਲ ਮਹਿਕਦਾ, ਕਿਸ ਦੀ ਅੱਖ ਵਿਚ ਰੜਕੇ ਨਾ,
ਇਹ ਕੰਡਿਆਂ ਬਿਨ ਕਿਹੜਾ ਜਾਣੇ, ਚੋਭਾਂ ਲਾਵੇ, ਦੇਖੇ ਕੌਣ ?

ਚੜ੍ਹਦਾ ਸੂਰਜ, ਚੜ੍ਹਦਾ ਜੋਬਨ, ਦੋਵੇਂ ਹੀ ਢਲ ਜਾਂਦੇ ਅੰਤ,
ਦੋਹਾਂ ਦਾ ਢਲਦਾ ਪਰਛਾਵਾਂ, ਕਿਸ ਨੂੰ ਭਾਵੇ, ਦੇਖੇ ਕੌਣ ?

ਮੌਤ ਨ ਆਵੇ, ਪੇਸ਼ ਨ ਜਾਵੇ, ਤਾਹੀਓਂ ਬੇ-ਬਸ ਇੱਕ ਕਲੀ,
ਬੰਦ ਕਮਰੇ ਵਿਚ ਮਿੱਧੀ ਜਾਵੇ, ਮਸਲੀ ਜਾਵੇ, ਵੇਖੇ ਕੌਣ ?

ਭੋਲੇ ਪੰਛੀ ਭੁੱਖ ਦੇ ਮਾਰੇ, ਫਸ ਹੀ ਜਾਂਦੇ ਨੇ ਅਣਭੋਲ,
ਕਿਵੇਂ ਸ਼ਿਕਾਰੀ ਜਾਲ ਵਿਛਾਵੇ, ਚੋਗਾ ਪਾਵੇ, ਦੇਖੇ ਕੌਣ ?

ਨੱਸ ਕੇ ਭੀੜ-ਭੜੱਕੇ 'ਚੋਂ ਮੈਂ, ਇਕਲਾਪੇ ਵੱਲ ਆਇਆ ਹਾਂ,
ਏਥੇ ਵੀ ਨਾ ਜਾਣੇ ਮੈਨੂੰ, ਕੌਣ ਬੁਲਾਵੇ, ਦੇਖੇ ਕੌਣ ?

ਨਾ ਪਰਦੇਸੋਂ ਆਇਆ ਮੁੜ ਕੇ, ਨਾ ਹੀ ਚਿੱਠੀ ਪਾਈ "ਦੀਪ",
ਹੰਝੂ ਹੰਝੂ ਹੋਈ ਬਿਰਹਨ, ਔਂਸੀਆਂ ਪਾਵੇ, ਦੇਖੇ ਕੌਣ ?

## (ਇੱਕੀ)

ਕਹੀਂ ਨਾ ਚਾਰ ਅੱਖਰ ਹੀ ਲਿਖੇ ਹਨ।
ਮੁਹੱਬਤ ਹੈ, ਤਾਂ ਏਨੇ ਹੀ ਬੜੇ ਹਨ।

ਉਡਾਰੀ ਸੋਚ ਦੀ ਵੇਖੀ ਨ ਜਿਹਨਾਂ,
ਉਹ ਮੇਰੇ ਖੰਭ ਕੁਤਰੇ ਦੇਖਦੇ ਹਨ।

ਕਿਸੇ ਸਾਜਿਸ਼ ਦਾ ਹਿੱਸਾ ਜਾਪਦੇ ਨੇ,
ਜੋ ਬੱਦਲ ਮਾਰੂਥਲ ਤੇ ਲਿਸ਼ਕਦੇ ਹਨ।

ਕਦੋਂ ਪਰਵਾਹ ਹੈ ਕੀਤੀ ਸਿਰ ਦੀ ਉਸ ਨੇ,
ਨਿਸ਼ਾਨੇ ਜੀਣ ਦੇ ਜਿਸ ਨੇ ਮਿਥੇ ਹਨ।

ਲਿਖੇ ਤੂੰ ਪਿਆਰ ਦੇ ਅੱਖਰ ਜੋ ਦਿਲ ਤੇ,
ਨਹੀਂ ਮਿਟਣੇ,ਇਹ ਪੱਥਰ ਤੇ ਖ਼ੁਦੇ ਹਨ।

ਮੁਸੀਬਤ ਆਉਂਣ ਵਾਲੀ ਹੈ ਕੋਈ ਫਿਰ,
ਖੜੇ ਪੈਰੀਂ ਜੋ ਸਭ ਮਿੱਤਰ ਟਲੇ ਹਨ।

ਸੁਆਗਤ ਨੂੰ ਨਿਰਾ ਹਾਸਾ ਨਹੀਂ ਹੈ,
ਇਨ੍ਹਾਂ ਪਲ਼ਕਾਂ ਤੇ ਅਥਰੂ ਵੀ ਸਜੇ ਹਨ।

ਜੇ ਸੜਦੇ ਆਲ੍ਹਣੇ ਹੀ, ਗ਼ਮ ਨ ਹੁੰਦਾ,
ਇਨ੍ਹਾਂ ਵਿਚ ਬੋਟ ਵੀ ਜੀਂਦੇ ਸੜੇ ਹਨ।

ਰਹੇ ਕਿਉਂ ਉਮਰ ਭਰ ਕੋਈ ਵਿਚਾਰਾ,
ਵਿਚਾਰ ਅਜ ਇਹ ਵਿਚਾਰੇ "ਦੀਪ" ਦੇ ਹਨ।

## (ਬਾਈ)

'ਕਰਾਰ ਕਰਕੇ ਵੀ ਇਹ ਕਦ 'ਕਰਾਰ ਕਰਦੇ ਨੇ ?
ਜ਼ਮਾਨੇ-ਸਾਜ਼ ਜ਼ਰੂਰਤ ਨੂੰ ਪਿਆਰ ਕਰਦੇ ਨੇ।

ਕਿਸੇ ਦੇ ਦਿਲ ਤੇ ਕਿਵੇਂ ਬੀਤਦੀ ਹੈ, ਕਿਉਂ ਸੋਚਣ,
ਮਜ਼ੇ ਦੇ ਨਾਲ ਸ਼ਿਕਾਰੀ ਸ਼ਿਕਾਰ ਕਰਦੇ ਨੇ।

ਜਿਨ੍ਹਾਂ ਦੀ ਪੁਗਦੀ ਹੈ, ਚਲਦਾ ਹੈ ਜ਼ੋਰ ਮਕਤਲ ਤਕ,
ਉਨ੍ਹਾਂ ਨੂੰ ਕੌਣ ਕਹੇ, ਅਤਿਆਚਾਰ ਕਰਦੇ ਨੇ।

ਉਨ੍ਹਾਂ ਦੀ ਸੋਚ ਵੀ ਅਪਣੀ, ਖ਼ਿਆਲ ਵੀ ਅਪਣੇ,
ਨ ਜਾਣੇ, ਸਾਨੂੰ ਉਹ ਕਿੱਧਰ ਸ਼ੁਮਾਰ ਕਰਦੇ ਨੇ।

ਜ਼ਰੂਰ ਭੇਤ ਕੋਈ ਲੁਕਵਾਂ ਹੈ ਇਦ੍ਹੇ ਓਹਲੇ,
ਨਹੀਂ, ਕਿਸੇ ਨੂੰ ਉਹ ਕਦ ਮੁਖਤਿਆਰ ਕਰਦੇ ਨੇ।

ਕਟਾਰ ਬਣਕੇ ਜੋ ਵਰ੍ਹਦੇ ਨੇ ਦੂਜਿਆਂ ਉੱਪਰ,
ਬਣੇ ਜੇ ਅਪਣੇ ਤੇ ਕਿਉਂ ਬੂ-ਪੁਕਾਰ ਕਰਦੇ ਨੇ।

ਉਨ੍ਹਾਂ ਨੂੰ ਮਾਣ ਹੈ ਜੇ ਏਨਾਂ ਹੀ ਸੁਹੱਪਣ ਤੇ,
ਉਹ ਆਏ ਦਿਨ ਭਲਾ ਕਿਉਂ-ਕਰ ਸ਼ਿੰਗਾਰ ਕਰਦੇ ਨੇ।

ਕਿਵੇਂ ਨ ਸ਼ੱਕ ਦੀ ਨਜ਼ਰ ਡੰਗ ਜਾਏ ਯਾਰੀ ਨੂੰ,
ਅਜੋਕੇ ਯਾਰ ਜਦੋਂ ਯਾਰ - ਮਾਰ ਕਰਦੇ ਨੇ।

ਜਗਾ ਕੇ "ਦੀਪ" ਕਿਵੇਂ 'ਨੇਰ੍ਹ ਪਾਇਆ ਜਾਏਗਾ,
ਉਹ ਦਿਨ ਦੇ ਚਾਨਣੇ ਹੀ ਕਿਉਂ ਵਿਚਾਰ ਕਰਦੇ ਨੇ।

(ਤੇਈ)

ਸੱਚ ਨੂੰ ਕਬੂਲ ਕਰੀਏ, ਰਖੀਏ ਨਾ ਮੂੰਹ ਲੁਕੋ ਕੇ।
ਆਪਾਂ ਵੀ ਸ਼ੀਸ਼ਾ ਤਕੀਏ, ਮੁੜ ਮੁੜ ਖਲੋ ਖਲੋ ਕੇ।

ਰਖਿਆ ਨਹੀਂ ਲਕੋ ਕੇ ਆਪਾਂ ਤਾਂ ਦਿਲ ਵੀ ਤੈਥੋਂ,
ਪਰ ਤੂੰ ਅਸਾਂ ਤੋਂ ਰਖਦੈ ਦਿਲ ਦੀ ਲਕੋ ਲੁਕੋ ਕੇ।

ਮਰਜ਼ੀ ਹੈ ਤੇਰੀ ਅਪਣੀ, ਪਰ ਯਾਦ ਰੱਖੀਂ ਏਨਾਂ,
ਜੇ ਗ਼ੈਰ ਨਾਲ ਚਲਿਐਂ ਤਾਂ ਜਾਵੀਂ ਉਸ ਦਾ ਹੋ ਕੇ।

ਬੁੱਕੀਂ ਲਹੂ ਪਿਲਾਇਆ ਜਿਸ ਨੂੰ ਅਸਾਂ ਨੇ ਅਪਣਾ,
ਬਾਕੀ ਲਹੂ ਵੀ ਲਭਦੈ ਨਸ਼ਤਰ ਚੁਭੋ ਚੁਭੋ ਕੇ।

ਆਪਾਂ ਨੇ ਅਪਣੇ ਘਰ ਵਿਚ ਇਸ ਕਰਕੇ ਥੋਰ੍ਹ ਲਾਇਐ,
ਭਾਉਂਦਾ ਨਹੀਂ ਹੈ ਜੀਣਾ ਆਪੇ ਤੋਂ ਦੂਰ ਹੋ ਕੇ।

ਆਓ ਕਿ ਅਪਣੇ ਹਿਰਦੇ ਕਰ ਲਈਏ ਸਾਫ਼ ਓਵੇਂ,
ਹੱਥਾਂ ਨੂੰ ਹੱਥ ਜਿੱਦਾਂ ਕਰਦੇ ਨੇ ਸਾਫ਼ ਧੋ ਕੇ।

ਡੁੱਬਣ ਤੋਂ ਡਰਦਾ ਜਿਹੜਾ ਤਰਦਾ ਕਦੇ ਨਹੀਂ ਸੀ,
ਮਿੱਤਰਾਂ ਨੇ ਤਾਰ ਦਿੱਤੈ, ਅਜ ਓਸ ਨੂੰ ਡੁਬੋ ਕੇ।

ਗੱਲ ਮੂੰਹ ਤੇ ਕਰੀਏ ਜਿਹੜੀ, ਚੁਗਲੀ ਨਹੀਂ ਉਹ ਹੁੰਦੀ,
ਚੁਗਲੀ ਤਾਂ ਉਹ ਹੈ ਜਿਹੜੀ ਕਰੀਏ ਲੁਕੋ ਲੁਕੋ ਕੇ।

ਐ "ਦੀਪ" ਤੇਰੇ ਬਾਝੋਂ ਖਾਲੀ ਹੈ ਤਖ਼ਤ ਦਿਲ ਦਾ,
ਮਿੱਤਰਾ ! ਨਿਵਾਜ਼ ਇਸ ਨੂੰ, ਆ ਦਿਲ-ਨਿਵਾਜ਼ ਹੋ ਕੇ।

## (ਚੌਵੀ)

ਕਿਸੇ ਸਚ ਦੀ ਅਦੁੱਤੀ ਰੰਗਣਾਂ ਵਿਚ ਦਿਲ ਜੋ ਰੰਗੇ ਨੇ।
ਖ਼ਰੀ ਸਰਘੀ ਦੇ ਸੂਰਜ ਵਾਂਗ ਉਹ ਸੂਲੀ ਤੇ ਟੰਗੇ ਨੇ।

ਜਿਨ੍ਹਾਂ ਨੇ ਸ਼ੌਕ ਦੀ ਹਦ ਵੀ ਨਾ ਪਿੱਛੇ ਪਰਤ ਕੇ ਵੇਖੀ,
ਉਹ ਸਾਥੋਂ ਕੱਲ ਵੀ ਚੱਗੇ ਸਨ,ਉਹ ਸਾਥੋਂ ਅੱਜ ਵੀ ਚੱਗੇ ਨੇ।

ਕਿਸੇ ਕੰਡੇ ਨੇ ਚੁਭ ਕੇ ਇਉਂ ਕਿਹਾ ਫੁੱਲ ਤੋੜਦੇ ਹਥ ਨੂੰ,
ਅਸਾਡੀ ਰੂਹ ਤਾਂ ਇਕੋ ਹੈ, ਜੇ ਵੱਖੋ ਵਖ ਮੁੜੰਗੇ ਨੇ।

ਨਿਗਾਹਾਂ ਨੂੰ ਕਹੋ, ਏਦਾਂ ਨ ਵੇਖਣ ਖੁਭ ਕੇ ਉਹਨਾਂ ਵਲ,
ਕਿਤੇ ਪੱਛੇ ਨ ਜਾਵਣ, ਉਹ ਬੜੇ ਹੀ ਸੁਹਲ-ਅੰਗੇ ਨੇ।

ਕੋਈ ਵੇਖੇ ਨਾ ਵੇਖੇ, ਗ਼ਮ ਨਹੀਂ, ਪਰ ਤੇਰੇ ਫੱਕਰ ਤਾਂ,
ਜ਼ਮਾਨੇ ਭਰ 'ਚ ਚਿੱਟੀ ਚਾਨਣੀ ਦੇ ਵਾਂਗ ਨੰਗੇ ਹਨ।

ਮਿਲੇ ਜਦ ਵੀ ਉਹ ਮੈਨੂੰ ਕਲਪਣਾ ਦੇ ਰੰਗ-ਮਹਿਲਾਂ ਵਿਚ,
ਕਿਸੇ ਬਦਲੀ ਦੇ ਟੋਟੇ ਵਿਚ ਲੁਕੇ ਚੰਨ ਵਾਂਗ ਸੰਗੇ ਨੇ।

ਉਨ੍ਹਾਂ ਦੇ ਹੰਝੂਆਂ ਦਾ ਰੰਗ ਨੀਲਾ ਦੇਖਦੇ ਹੀ "ਦੀਪ",
ਪੁਕਾਰ ਉਠਿਆ, ਜ਼ਰੂਰ ਇਹ ਵੀ ਕਿਤੇ ਨਾਗਾਂ ਦੇ ਡੰਗੇ ਨੇ।

## (ਪੱਚੀ)

ਝੁੱਗੀ ਸੀ ਅਪਣੀ, ਸਾੜ ਕੇ ਭਾਂਬੜ ਮਚਾ ਲਿਆ।
ਹੋਇਆ ਅਨਰਥ ਕੀ ਜੇ ਮੈਂ ਚਾਨਣ ਖਿੰਡਾ ਲਿਆ ?

ਲਿਖਿਆ ਸੀ ਮੇਰੇ ਚਿਹਰੇ ਤੇ ਖ਼ਬਰੇ ਅਜੇਹਾ ਕੀ,
ਜੋ ਪੜ੍ਹਦਿਆਂ ਹੀ ਓਸ ਨੇ ਮੁਖੜਾ ਭੰਵਾ ਲਿਆ।

ਦੁਖ-ਸੁਖ ਵੰਡਾਉਂਣ ਬੈਠੇ ਸਾਂ ਇਕ ਦੂਸਰੇ ਦੇ ਕੋਲ,
ਲੋਕਾਂ ਨੇ ਸਾਡੇ ਇਸ਼ਕ ਦਾ ਕਿੱਸਾ ਬਣਾ ਲਿਆ।

ਕਿਧਰੇ ਮਖ਼ੌਲ ਕਰਨ ਨਾ, ਉਸ ਦੇ ਅਮੀਰ ਯਾਰ,
ਤੋਹਫ਼ਾ ਜੋ ਉਸ ਨੂੰ ਦੇਣਾ ਸੀ, ਇਕ ਦਮ ਲੁਕਾ ਲਿਆ।

ਯਾਰਾਂ ਵੀ ਠਿੱਬੀ ਲਾਉਂਣ ਤੋਂ ਕੀਤਾ ਨਹੀਂ ਗੁਰੇਜ਼,
ਆਪਾਂ ਵੀ ਅਪਣੇ ਆਪ ਨੂੰ ਆਪੇ ਸੰਭਾਲਿਆ।

ਸੁਪਨਾ ਹਰੇਕ ਹੋ ਗਿਆ ਨੀਲਾ ਅਕਾਸ਼ ਵਾਂਗ,
ਕੀ ਜਾਣਾ ਉਸ ਦੀ ਯਾਦ ਨੇ ਕਿਉਂ ਜ਼ਹਿਰ ਖਾ ਲਿਆ।

ਉਸ ਦਿਨ ਤੋਂ ਅਪਣਿਆਂ ਨੇ ਵੀ ਪੱਥਰ ਉਠਾ ਲਏ,
ਜਿਸ ਦਿਨ ਤੋਂ ਅਪਣਾ ਸ਼ੀਸ਼ੇ ਦਾ ਮੈਂ ਘਰ ਬਣਾ ਲਿਆ।

ਲੂੰ ਲੂੰ ਤੜਪਕੇ ਰਹਿ ਗਿਆ, ਸੁਣਿਆਂ ਜਦੋਂ ਮੈਂ ਇਹ,
ਭੁੱਖੇ ਨੇ ਸੇਬ ਸਮਝ ਕੇ ਅੰਗਿਆਰ ਖਾ ਲਿਆ।

ਕਿਉਂ ਨਾ ਕਹਾਂ ਮੈਂ ਓਸ ਨੂੰ "ਜੱਲਾਦ" ਦੋਸਤੋ,
ਡਾਲੀ ਤੋਂ ਤੋੜ ਫੁਲ ਜਿਨ੍ਹੇ ਕਾਲਰ ਸਜਾ ਲਿਆ।

ਇੱਕ ਲੁਟ ਨਾ ਹੋਏ ਓਸ ਤੋਂ, ਮੇਰੇ ਖ਼ਿਆਲ "ਦੀਪ",
ਬਾਕੀ ਸਮਾਨ ਜੋ ਵੀ ਸੀ, ਬੋਰੀ 'ਚ ਪਾ ਲਿਆ।

## (ਛੱਬੀ)

ਸ਼ਹਿਰੋਂ ਬਾਹਰ ਜੋ ਤੈਨੂੰ ਖੰਡਰ ਲਗਦਾ ਹੈ।
ਮੈਨੂੰ ਤਾਂ ਉਹ ਮੇਰਾ ਹੀ ਘਰ ਲਗਦਾ ਹੈ।

ਕੀਕਣ ਪਾਵੇਗਾ ਕੋਈ ਉਸ ਦਿਲ ਦੀ ਥਾਹ,
ਜਿਸ ਨੂੰ ਹੰਝੂ ਵੀ ਇਕ ਸਾਗਰ ਲਗਦਾ ਹੈ।

ਧੁੰਦ 'ਚ ਘਿਰਿਆ ਹੋਇਆ ਸੂਰਜ ਤੜਕੇ ਦਾ,
ਕਲਯੁਗ ਦਾ ਕੋਈ ਪੈਗੰਬਰ ਲਗਦਾ ਹੈ।

ਮੈਨੂੰ ਆਪਣਿਆਂ ਵਿਚ ਬਹਿ ਕੇ ਖ਼ਬਰੇ ਕਿਉਂ,
ਅਪਣੇ ਹੀ ਪਰਛਾਵੇਂ ਤੋਂ ਡਰ ਲਗਦਾ ਹੈ।

ਕਾਲੀ ਰਾਤ ਦੇ ਨੇਰ੍ਹੇ 'ਚ ਘਿਰਿਆ ਹੀ ਜਾਣੇ,
ਕੀਕਣ ਤਾਰਾ ਤਾਰਾ ਅੰਬਰ ਲਗਦਾ ਹੈ।

ਕਦ ਸਮਝਣਗੇ ਉਹ ਬੰਦੇ ਨੂੰ ਬੰਦਾ "ਦੀਪ",
ਠਾਕੁਰ ਵੀ ਜੀਹਨਾਂ ਨੂੰ ਪੱਥਰ ਲਗਦਾ ਹੈ।

## (ਸਤਾਈ)

ਮਹਿਲਾਂ 'ਚ ਰਹਿਣ ਵਾਲਿਆ, ਮੌਸਮ ਸਤਾ ਰਿਹੈ ?
ਆ ਦੇਖ ਢਾਰਿਆਂ 'ਚੋਂ ਕਿਵੇਂ ਨਿੱਘ ਆ ਰਿਹੈ।

ਔਹ ਦੇਖ ਕੋਈ ਹਸ ਰਿਹੈ ਮਕਤਲ 'ਚ ਕਿਸ ਤਰ੍ਹਾਂ,
ਕਾਤਿਲ ਦੇ ਨਾਲ ਮੌਤ ਦੀ ਖਿੱਲੀ ਉਡਾ ਰਿਹੈ।

ਅੰਬਰ ਤੇ ਬਿਜਲੀ ਲਿਸ਼ਕਦੀ ਮੁੜ ਮੁੜ ਹੈ ਦੇਖਦੀ,
ਕੱਖਾਂ ਦਾ ਕੋਈ ਆਲ੍ਹਣਾ ਕਿੱਥੇ ਬਣਾ ਰਿਹੈ।

ਕਾਲੀ ਘਟਾ ਦੇ ਵਾਂਗਰਾਂ ਜ਼ੁਲਫ਼ਾਂ ਖਿਲਾਰ ਕੇ,
ਬੁੱਲਾਂ 'ਚ ਮੁਸਕਰਾ ਕੋਈ ਬਿਜਲੀ ਗਿਰਾ ਰਿਹੈ।

ਮੇਰੇ ਤੇ ਹੁਸਨ ਸੀ ਜਿਨ੍ਹੂੰ ਨਜ਼ਰਾਂ ਨੇ ਖਾ ਲਿਆ,
ਤੇਰੇ ਤੇ ਹੁਸਨ ਦੇਖਦਾਂ, ਨਜ਼ਰਾਂ ਨੂੰ ਖਾ ਰਿਹੈ।

ਮਾਰੂਥਲੀ ਤੇ ਰਾਤ ਦੀ ਬੁੱਕਲ 'ਚ ਬੈਠ ਕੇ,
ਕੋਈ ਸਤਾਇਆ ਜੱਗ ਦਾ ਕੁਝ ਗੁਣ-ਗੁਣਾ ਰਿਹੈ।

ਕਰਦਾ ਏ ਗੱਲਾਂ ਪਾਗਲਾਂ ਦੇ ਵਾਂਗ ਹੋਰ ਹੀ,
ਚੰਗਾ-ਭਲਾ ਸੀ,"ਦੀਪ" ਨੂੰ ਕੀ ਹੁੰਦਾ ਜਾ ਰਿਹੈ।

(ਅਠਾਈ)

ਖਿਲਰੇਗੀ ਚੁਫੇਰੇ ਜਦ ਖ਼ੁਸ਼ਬੋਈ ਖ਼ਿਆਲਾਂ ਦੀ।
ਪਰਖੇਗੀ ਮਿਰੀ ਹਸਤੀ, ਇੱਕ ਭੀੜ ਸਵਾਲਾਂ ਦੀ।

ਨ੍ਹੇਰੇ 'ਚ ਸੁਜਾਖੇ ਵੀ ਹੋ ਜਾਂਦੇ ਨੇ ਅੰਨ੍ਹਿਆਂ ਵਾਂਗ,
ਛਿੜਦੀ ਹੈ ਤਾਂ ਛੇੜੋ ਗਲ, ਕੁਝ ਸੁਰਖ਼ ਮਸ਼ਾਲਾਂ ਦੀ।

ਨਿਤ ਸਚ ਨੂੰ ਮਿਲੇ ਫਾਂਸੀ, ਨਿਤ ਝੂਠ ਦੀ ਚੜ੍ਹ ਮੱਚੇ,
ਨਿਤ ਦੰਦ ਕਥਾ ਹੋਵੇ, ਮੇਰੇ ਹੀ ਅਮਾਲਾਂ ਦੀ।

ਤੂਫ਼ਾਨ ਅਨੇਕਾਂ ਹੀ ਪਲਦੇ ਨੇ ਜਿਦ੍ਹੀ ਹਿਕ ਵਿਚ,
ਉਹ ਚਿੰਤਾ ਕਰੇ ਤਾਂ ਕਿਉਂ, ਪਲ਼-ਛਿਨ ਦੇ ਭੁਚਾਲਾਂ ਦੀ।

ਕੀ ਪਾਉਣਗੇ ਮੁੱਲ ਮੇਰਾ, ਜੋ ਆਪ ਹੀ ਵਿਕਦੇ ਨੇ,
ਕੀ ਵਟਕ ਹੈ ਦੁਨੀਆਂ ਵਿਚ, ਨੀਅਤ ਦੇ ਕੰਗਾਲਾਂ ਦੀ।

ਭੁਲ ਜਾਣ ਵਜੂਦ ਅਪਣਾ ਪਲ਼-ਛਿਣ ਲਈ ਸਾਰੇ ਹੀ,
ਜਦ ਚਰਚਾ ਛਿੜੇ ਸਥ ਵਿਚ, ਕੁਝ ਮਹਿਕੇ ਰੁਮਾਲਾਂ ਦੀ।

ਨਾ ਖ਼ੂਨ ਦਾ ਦਾਅਵਾ ਹੈ, ਨਾ ਜ਼ਾਤ ਦਾ ਰੌਲਾ ਹੈ,
ਇਕ ਵੱਖਰੀ ਸਕੀਰੀ ਹੈ ਦੁਖ ਸੁਖ ਦੇ ਭਿਆਲਾਂ ਦੀ।

(ਉਨੱਤੀ)

ਬੰਦਿਆਂ ਨੇ ਚਾਹੇ ਆਪ ਹੀ ਕੰਧਾਂ ਉਸਾਰੀਆਂ।
ਕੁਦਰਤ ਨੇ ਫਿਰ ਵੀ ਢੋਈਆਂ ਨਾ ਬੂਹੇ ਤੇ ਬਾਰੀਆਂ।

ਅਜ-ਕਲ ਕਿਸੇ ਨੂੰ ਕੋਈ ਵੀ ਕਰਦਾ ਨਹੀਂ ਮੁਆਫ਼,
ਇਹ ਜਾਣ ਕੇ ਵੀ ਹੁੰਦੀਆਂ ਨਾ ਬੇ-'ਤਬਾਰੀਆਂ।

ਕੀ ਹੋਇਆ ਜੇ ਸ਼ਿਕਾਰੀਆਂ ਥਾਂ ਥਾਂ ਵਿਛਾਏ ਜਾਲ,
ਆਪਾਂ ਤਾਂ ਰਖੀਏ ਅਪਣੀਆਂ ਉਚੀਆਂ ਉਡਾਰੀਆਂ।

ਖ਼ਾਬਾਂ ਦੇ ਸ਼ੀਸ਼-ਮਹਿਲ 'ਚ ਕਦ ਤਕ ਕਰੇਂਗਾ ਵਾਸ,
ਆਖ਼ਿਰ ਤਾਂ ਪੱਲੇ ਪੈਣੀਆਂ ਖੱਜਲ-ਖ਼ੁਆਰੀਆਂ।

ਅੱਖਾਂ, ਜਿਨ੍ਹਾਂ ਨੂੰ ਪਹੁ-ਫੁਟੀ ਦੇਖਣ ਦੀਤਾਂਘ ਸੀ,
ਸਰਘੀ ਤੋਂ ਪਹਿਲਾਂ ਹੋ ਗਈਆਂ ਪੱਥਰ, 'ਵਚਾਰੀਆਂ'।

ਚਿਹਰੇ ਤੋਂ ਜਾਪਦੇ ਨੇ ਉਹ ਸੀਤਲ ਜਿਹੇ ਜ਼ਰੂਰ,
ਲੱਗੀ ਹਵਾ ਤਾਂ ਉਡਦੀਆਂ ਵੇਖੀਂ ਚਿੰਗਾਰੀਆਂ।

ਪਾਲੇ ਸੀ ਜਿਸ ਸਪੋਲੀਏ, ਓਸੇ ਨੂੰ ਡੰਗ ਕੇ,
ਕਿਉਂ ਮੁਸਕਰਾਕੇ ਤੁਰ ਗਏ, ਛਡ ਕੇ ਪਟਾਰੀਆਂ।

ਕਿਉਂ ਪੀੜ ਪੀੜ ਕੂਕਦੇ ਅੱਥਰੂ ਵੀ ਹੱਸ ਪਏ,
ਕੱਢੀਆਂ ਕਿਸੇ ਦੀ ਯਾਦ ਨੇ ਜਦ ਕੁਤਕਤਾਰੀਆਂ।

ਬੁੱਕਲ 'ਚ ਸਾਡੀ ਆ ਗਏ, ਲੱਖਾਂ ਅਕਾਸ਼ "ਦੀਪ",
ਲਾਈਆਂ ਅਸਾਡੀ ਸੋਚ ਨੇ ਜਦ ਵੀ ਉਡਾਰੀਆਂ।

(ਤੀਹ)

ਸ਼ੀਸਾ ਵੀ ਬਚਦਾ ਨਾ ਦਿਸੇ, ਰਹਿੰਦਾ ਦਿਸੇ ਨਾ ਨੱਕ ਵੀ।
ਮਜ਼ਬੂਰੀਆਂ ਨਾ ਛਡਦੀਆਂ, ਬੰਦੇ ਦੇ ਪੱਲੇ ਕੱਖ ਵੀ।

ਬੇਗ਼ਾਨਿਆਂ ਤੇ ਰੋਸ ਕੀ, ਬੇਗ਼ਾਨਿਆਂ ਤੇ ਦੋਸ਼ ਕੀ,
ਸਕਿਆਂ ਤੇ ਕਰਦੇ ਮਾਣ ਹਾਂ, ਸੱਕੇ ਤਾਂ ਲਾਹੁੰਦੇ ਸੱਕ ਵੀ।

ਇਨਸਾਫ਼ ਹੁੰਦੈ ਜਿਸ ਤਰ੍ਹਾਂ, ਇਨਸਾਫ਼ ਕਰਦੇ ਜੇ ਉਵੇਂ,
ਸਾਨੂੰ ਵੀ ਮੌਕਾ ਬਖ਼ਸ਼ਦੇ, ਸੁਣਦੇ ਉਹ ਸਾਡਾ ਪੱਖ ਵੀ।

ਇਤਬਾਰ ਭਾਵੇਂ ਹੈ ਨਹੀਂ, ਅਜ ਕਲ ਕਿਸੇ ਦਾ ਫੇਰ ਵੀ,
ਬੰਦੇ ਨੂੰ ਦਿੰਦੇ ਜੀਣ ਨਾ, ਬੰਦੇ ਦੇ ਅਪਣੇ ਸ਼ੱਕ ਵੀ।

ਕਰੀਏ ਕਿਸੇ ਤੇ ਰੋਸ ਕੀ, ਹਾਲਾਤ ਧੋਖਾ ਦੇ ਗਏ,
ਰਖਦੇ ਸੀ ਆਸ ਵਾਧੂ ਦੀ, ਮਿਲਦਾ ਨ ਦਿਸਦੇ ਹੱਕ ਵੀ।

ਅੰਦਾਜ਼ਾ ਆਪੇ ਕਰ ਲਵੋ, ਸੱਜਣ ਅਸਾਡੇ ਹਨ ਕਿਹੇ,
ਦਿਸਦੇ ਨੇ ਸਾਡੇ ਨਾਲ ਵੀ, ਦਿਸਦੇ ਨੇ ਸਾਥੋਂ ਵੱਖ ਵੀ।

ਪੰਡਿਤ ਨਹੀਂ ਨਾ ਭਾਈ ਤੂੰ, ਮੁੱਲਾਂ ਨਹੀਂ, ਨਾ ਸ਼ੈਖ਼ ਤੂੰ,
ਐ "ਦੀਪ" ਕਾਹਤੋਂ ਝਿਜਕਦੈਂ, ਤੂੰ ਜਾਮ ਅਪਣਾ ਚੱਕ ਵੀ।

## (ਇਕੱਤੀ)

ਪੰਛੀ ਤਾਂ ਕੈਦ ਕਰ ਲਿਆ ਉਸ ਨੇ ਵਿਛਾ ਕੇ ਜਾਲ।
ਪਰ ਉਸਦੀ ਉਡਦੀ ਸੋਚ ਦਾ ਆਇਆ ਨ ਕਿਉਂ ਖ਼ਿਆਲ।

ਜ਼ਾਲਿਮ ਦੀ ਸੋਚ ਹੋਰ ਹੈ, ਮੁਨਸਿਫ਼ ਦੀ ਸੋਚ ਹੋਰ,
ਨੁਕਤਾ-ਨਜ਼ਰ ਤੋਂ ਦੋਵੇਂ ਹੀ ਹੁੰਦੇ ਨਹੀਂ ਦਿਆਲ।

ਇਕ ਦੂਸਰੇ ਨੂੰ ਢੂੰਡਦੇ ਆ ਪਹੁੰਚੇ ਹਸ਼ਰ ਤੀਕ,
ਇਕ ਦੂਸਰੇ ਬਗ਼ੈਰ ਸੀ ਜੀਣਾ ਬੜਾ ਮੁਹਾਲ।

ਕੀ ਗ਼ਮ ਹਨੇਰੀ ਰਾਤ ਦਾ ਰੌਸ਼ਨ ਚਿਰਾਗ਼ ਨੂੰ,
ਪਰਛਾਵੇਂ ਵਾਂਗ ਰੌਸ਼ਨੀ ਰਹਿਣੀ ਹੈ ਨਾਲ ਨਾਲ।

ਜ਼ਾਲਿਮ ਦੇ ਜ਼ੁਲਮ ਨੂੰ ਕੋਈ ਕਿਸਮਤ ਕਹੇ ਤਾਂ ਕਿਉਂ,
ਗਰਦਨ ਉਠਾ ਕੇ ਜੀਣ ਦੀ ਹੋਵੇ ਨਾ ਕਿਉਂ ਮਜ਼ਾਲ?

ਤਲਵਾਰ ਧਰ ਕੇ ਧੌਣ ਤੇ, ਪੁਛਦੇ ਨੇ ਸਾਡੀ ਸੁੱਖ,
ਹਮਦਰਦ ਸਾਡੇ ਦੇਖ ਲੈ ਹਨ ਕਿੰਨੇ- ਬੇਮਿਸਾਲ।

ਕਿਉਂ ਅੱਖ ਬਚਾਕੇ ਤੁਰ ਗਏ, ਉਹ ਆਪਣੇ ਜਿਹੇ,
ਬੇਗ਼ਾਨਿਆਂ ਦੇ ਵਾਂਗ ਹੀ ਪੁਛ ਲੈਂਦੇ ਹਾਲ ਚਾਲ।

ਸੌ ਵਾਰ ਉਸ ਨੂੰ ਆਖਿਆ, ਝਟਕਾ ਦੇ ਇਕੋ ਵਾਰ,
ਮੰਨਿਆ ਨ ਸੋਹਣਾ "ਦੀਪ" ਨੂੰ ਕਰਦਾ ਰਿਹਾ ਹਲਾਲ।

(ਬੱਤੀ)

ਹਨੇਰਾ ਹੋਣ ਤੋਂ ਪਹਿਲਾ ਜੋ ਦੀਵਾ ਭਾਲ ਰਖਦੇ ਨੇ।
ਹਨੇਰੇ ਵਿੱਚ ਵੀ ਉਹ ਲੋਕ ਚਾਨਣ ਨਾਲ ਰਖਦੇ ਨੇ।

ਜਿਨ੍ਹਾਂ ਦੇ ਹੌਸਲੇ ਵੱਡੇ, ਜਿਨ੍ਹਾਂ ਦੇ ਦਾਈਏ ਵੀ ਵੱਡੇ,
ਉਹ ਅਪਣੀ ਸੋਚ ਨੂੰ ਹਰ ਵਕਤ ਮਾਲਾ ਮਾਲ ਰਖਦੇ ਨੇ।

ਸ਼ਿਕਾਰੀ ਕਿੰਨੇ ਵੀ ਮਾਸੂਮ ਕਿਉਂ ਨਾ ਹੋਣ ਐਪਰ ਉਹ,
ਬੜੇ ਚਾਲਾਕ ਹੁੰਦੇ ਨੇ, ਲੁਕਾ ਕੇ ਜਾਲ ਰਖਦੇ ਨੇ।

ਮੁਹੱਬਤ ਵਿਚ ਸਿਆਸਤ ਦਾ ਦਖ਼ਲ ਤੌਬਾ, ਮਿਰੇ ਅੱਲ੍ਹਾ!
ਜੋ ਮਿਲਕੇ ਵੀ ਨਹੀਂ ਮਿਲਦੇ, ਖ਼ਤਾਂ ਵਿਚ ਨਾਲ ਰਖਦੇ ਨੇ।

ਜਿਨ੍ਹਾਂ ਨੂੰ ਜ਼ਿੰਦਗੀ ਲਗਦੀ ਹੈ ਇਕ ਸ਼ਤਰੰਜ ਦੀ ਬਾਜ਼ੀ,
ਉਹ ਚਾਲਾਂ ਵਿਚ ਨਹੀਂ ਆਉਂਦੇ, ਉਹ ਅਪਣੀ ਚਾਲ ਰਖਦੇ ਨੇ।

ਜਿਨ੍ਹਾਂ ਦੀ ਬੈਠਣੀ-ਉਠਣੀ ਸੀ ਕੋਇਲਾਂ ਨਾਲ,ਅਜ ਕਲ੍ਹ ਉਹ,
ਬੜਾ ਕਾਵਾਂ ਚ ਬਹਿੰਦੇ ਨੇ, ਬੜੀ ਸੁਰਤਾਲ ਰਖਦੇ ਨੇ।

ਗਰੀਬਾਂ ਵਾਸਤੇ ਨਫ਼ਰਤ ਹੈ ਜਨਮਾਂ ਤੋਂ ਜਿਨ੍ਹਾਂ ਅੰਦਰ,
ਖ਼ੁਦਾ ਜਾਣੇ ਉਹ ਅਜ-ਕਲ੍ਹ "ਦੀਪ" ਦੀ ਕਿਉਂ ਭਾਲ ਰਖਦੇ ਨੇ।

## (ਤੇਤੀ)

ਜ਼ਮਾਨਾ-ਸਾਜ਼ ਹਮੇਸ਼ਾ ਹੀ ਟਾਲ  ਜਾਵੇਗਾ।
ਕਹੇਗਾ ਸੱਚ ਉਹੀ, ਜੋ ਸਿਰ ਤਲੀ ਟਿਕਾਵੇਗਾ।

ਕਟੀ ਪਤੰਗ ਨੂੰ ਲੁਟਦੇ ਨੇ ਹੱਕ ਸਮਝ ਕੇ ਸਭ,
ਕਟੀ ਪਤੰਗ ਉਹ ਲੁਟਣੋਂ ਕਿਵੇਂ ਬਚਾਵੇਗਾ?

ਕਿਸੇ ਦੇ ਰਹਿਮ ਤੇ ਜੀਣਾ ਵੀ ਕੋਈ ਜੀਣਾ ਹੈ?
ਇਵੇਂ ਜੋ ਸੋਚੇਗਾ, ਉਹ ਜ਼ਿੰਦਗੀ ਹੰਢਾਵੇਗਾ।

ਲਿਟਾਂ- ਲਟੂਰੀਆਂ ਤੇ ਲੀੜੇ ਹੋਣ ਲੀਰੋ ਲੀਰ,
ਭਲਾ ਅਜੇਹੀ ਉਹ ਤਸਵੀਰ ਕਿਉਂ ਬਣਾਵੇਗਾ?

ਜੋ ਅਪਣੇ ਦੀਵੇ ਮਜ਼ਾਰਾਂ ਤੇ ਆਪ ਧਰ ਚੱਲੇ,
ਹਨੇਰੇ ਘਰ ਉਨ੍ਹਾਂ ਦੇ ਕੌਣ ਜਗਮਗਾਵੇਗਾ?

ਜੋ ਜ਼ਖ਼ਮ ਖਾਏਗਾ ਕੰਡਿਆਂ 'ਚ ਰਹਿ ਕੇ, ਫੁੱਲਾਂ ਤੋਂ,
ਕਿਵੇਂ ਨ ਹਰ ਜਗ੍ਹਾ ਉਹ ਸ਼ਖ਼ਸ ਮੁਸਕਰਾਏਗਾ?

ਬਣੀ ਜੋ ਤੇਰੇ ਤੇ ਲੋਕਾਂ ਨੂੰ ਕਹਿ ਨ ਬੈਠੀਂ "ਦੀਪ"
ਸੁਣੇਗਾ ਜੋ ਵੀ ਕੋਈ ਹਾਸਾ ਹੀ ਉਡਾਵੇਗਾ।

(ਚੌਤੀ)

"ਅਜੇ ਨਾ ਹਾਰਿਓ ਦਿਲ", ਦਿਲ ਦੀ ਬਾਤ ਕਹਿੰਦੀ ਹੈ।
"ਗੁਜ਼ਰ ਹੀ ਜਾਏਗੀ, ਭੁੱਖਿਆਂ ਨੂੰ ਰਾਤ" ਕਹਿੰਦੀ ਹੈ।

ਮੈਂ ਟੁਟ ਕੇ ਕਚ ਦੀਆਂ ਕਿਰਚਾਂ ਦੇ ਵਾਂਗ ਖਿੰਡ ਜਾਨਾਂ,
ਮਿਰੀ ਹੀ ਬੇਬਸੀ ਜਦ ਮੈਨੂੰ 'ਝਾਤ' ਕਹਿੰਦੀ ਹੈ।

ਕਮਾਲ ਆਖੀਏ ਕੀਕਣ ਨ ਏਸ ਭਾਣੇ ਨੂੰ,
ਕਿ ਸਾਡੀ ਬੇ-ਬਸੀ ਸਾਨੂੰ ਹੀ ਮਾਤ ਕਹਿੰਦੀ ਹੈ।

ਭਲੇ ਦੀ ਆਸ ਨ ਰਖਿਓ ਕਦੇ ਜ਼ਮਾਨੇ ਤੋਂ,
ਕਫ਼ਨ ਨੂੰ ਤਰਸਦੀ ਮੁਰਦਾ ਹਯਾਤ ਕਹਿੰਦੀ ਹੈ।

ਮੈਂ ਬੂੰਦ ਪਾਣੀ ਨੂੰ ਦਰਿਆ ਦਾ ਰੂਪ ਦਿੱਤਾ ਏ,
ਕਿਸੇ ਨੇ ਬਖ਼ਸ਼ੀ ਜੋ ਹੰਝੂਆਂ ਦੀ ਦਾਤ, ਕਹਿੰਦੀ ਹੈ।

"ਅਸਾਂ ਜੇ ਚੰਦ ਨੂੰ ਸਰ ਕਰ ਲਿਐ, ਤਾਂ ਸੂਰਜ ਵੀ,
ਜ਼ਰੂਰ ਜਿੱਤਾਂਗੇ", ਬੰਦੇ ਦੀ ਜ਼ਾਤ ਕਹਿੰਦੀ ਹੈ।

ਹਰੇਕ ਪਲ਼ ਹੀ ਕਿਆਮਤ ਦਾ ਬੀਤਦੈ ਅਜ ਕਲ,
ਕਿਸੇ ਸੁਆਣੀ ਦੀ ਸੱਖਣੀ ਪਰਾਤ ਕਹਿੰਦੀ ਹੈ।

ਕਦੋਂ ਕੁ ਤੀਕ ਬਚੇਂਗਾ ਅਸਾਡੇ ਪੰਜੇ ਤੋਂ?
ਹਮੇਸ਼ਾ "ਦੀਪ" ਨੂੰ ਸਜਣਾਂ ਦੀ 'ਘਾਤ' ਕਹਿੰਦੀ ਹੈ।

## (ਪੈਂਤੀ)

ਫੁੱਲਾਂ ਵਾਂਗੂੰ ਹਸਦੇ ਯਾਰਾ, ਸਾਡੇ ਦਿਲ ਵਿਚ ਵਸਦੇ ਯਾਰਾ।
ਕਿਉਂ ਸਾਥੋਂ ਕੰਨੀ ਕਤਰਾਉਨੈਂ, ਕੁਝ ਤਾਂ ਦਿਲ ਦੀ ਦਸਦੇ ਯਾਰਾ।

ਨਾਗਾਂ ਤੋਂ ਹੁਸ਼ਿਆਰ ਰਹੀ ਤੂੰ, ਬੇਸ਼ਕ ਦੁੱਧ ਪਿਲਾ ਕੇ ਪਾਲੇ,
ਇਹਨਾਂ ਦਾ ਇਤਬਾਰ ਨ ਕੋਈ, ਜਦ ਜੀ ਆਉਂਦਾ ਡਸਦੇ ਯਾਰਾ।

ਜ਼ਰਦਾਰਾਂ ਦੇ ਟੋਲੇ ਅੰਦਰ, ਇੱਕੋ ਗੱਲ ਮਸ਼ਹੂਰ ਹੈ ਅਜ ਕਲ,
ਓਨਾਂ ਹੀ ਸੁਰ ਵਿਚ ਹੋ ਜਾਂਦੈ, ਜਿੰਨਾਂ ਢੋਲ ਨੂੰ ਕਸਦੇ ਯਾਰਾ।

ਜਾਲ ਸ਼ਿਕਾਰੀ ਪਾਉਣਾ ਹੁੰਦੈ, ਚੋਗਾ ਵੀ ਦਿਖਲਾਉਣਾ ਹੁੰਦੈ,
ਲਾਲਚ ਦੇ ਵਿਚ ਆਏ ਪੰਛੀ, ਆਪੇ ਹੀ ਨੇ ਫ਼ਸਦੇ ਯਾਰਾ।

ਜੇ ਮਾਲੀ ਹੁਸ਼ਿਆਰ ਨ ਹੋਵੇ, ਜੇ ਉਸਦੀ ਲਲਕਾਰ ਨ ਹੋਵੇ,
ਤੋਤੇ ਆ ਆ ਮਾਰਨ ਠੂੰਗਾਂ, ਅੰਬ ਜਦੋਂ ਵੀ ਰਸਦੇ ਯਾਰਾ।

ਪਛਾਵੇਂ ਨੂੰ ਹਊਆ ਕਹਿਕੇ, ਬੱਚਿਆਂ ਵਾਂਗ ਡਰਾਉਨੈਂ ਮੈਨੂੰ ?
ਦਾਨਾ ਹੋ ਕੇ ਕਿਉਂ ਬੱਚਿਆਂ ਜਿਹੀ ਗੱਲ ਕਰਦਾ ਏਂ ਦਸਦੇ ਯਾਰਾ।

ਬੁੱਲ੍ਹ ਹਿੱਲਣ ਨਾ ਹਿੱਲਣ ਭਾਵੇਂ, ਫਿਰ ਵੀ ਸਭ ਕੁਝ ਕਹਿ ਜਾਂਦੇ ਨੇ,
ਪਲਕਾਂ ਦੇ ਦਰ ਤੇ ਆ ਸੁੱਕੇ, ਹੰਝੂ ਜੋ ਬੇਬਸ ਦੇ ਯਾਰਾ।

ਬੇ-ਬਹਿਰੀ, ਬੇ-ਸਮਝ ਅਕਵਿਤਾ, ਜਮ ਜਮ "ਦੀਪ" ਮੁਬਾਰਕ ਤੈਨੂੰ,
ਸਾਨੂੰ ਚੰਗੇ ਸ਼ਿਅਰ ਪੁਰਾਣੇ, ਬੁੱਲ੍ਹੇ ਤੇ ਵਾਰਿਸ ਦੇ ਯਾਰਾ।

(ਛੱਤੀ)

ਨਹੀਂ ਕਬੂਲ ਕਿ ਨੱਚੀਏ ਇਸ਼ਾਰਿਆਂ ਉੱਤੇ।
ਕਿ ਸਾਨੂੰ ਮਾਣ ਹੈ ਹੱਥਾਂ ਕਰਾਰਿਆਂ ਉੱਤੇ।

ਹਨੇਰ ਵੰਡਣੈ ਤੇਰੇ ਹੀ ਵਾਰਸਾਂ ਨੇ ਜਦੋਂ,
ਕਰੂ ਕੀ ਰੌਸ਼ਨੀ ਜਗਦੀ ਦੁਆਰਿਆਂ ਉੱਤੇ।

ਹਜ਼ਾਰ ਜ਼ਖ਼ਮ ਨੇ ਸੀਨੇ ’ਚ ਮੇਰੇ, ਦੇਖੇ ਕੌਣ,
ਮਸੀਹੇ ਬਹਿ ਗਏ ਜੁੜ ਕੇ ਚੁਬਾਰਿਆਂ ਉੱਤੇ।

ਦਿਓਗੇ ਮੌਤ ਨੂੰ ਆਖ਼ਿਰ ਕਿਹੋ ਜਿਹਾ ਲਾਰਾ,
ਭਲੇ ਹੀ ਜ਼ਿੰਦਗੀ ਬੀਤੀ ਹੈ ਲਾਰਿਆਂ ਉੱਤੇ।

ਅਖ਼ੀਰ ਗਿਰਨਗੇ ਧਰਤੀ ਤੇ ਪਰਤ ਕੇ, ਜਿਹੜੇ
ਉੜੇ ਨੇ ਗੈਸ-ਸਹਾਰੇ ਗੁਬਾਰਿਆਂ ਉੱਤੇ।

ਬੜੇ ਹੀ ਭੋਲੇ ਨੇ, ਆਬੇ-ਹਯਾਤ ਲਭਦੇ ਹਨ,
ਜੋ ਡਰਦੇ ਮੌਤ ਤੋਂ ਫਿਰਦੇ ਕਿਨਾਰਿਆਂ ਉੱਤੇ।

ਵਿਲਕਦੀ ਜ਼ਿੰਦਗੀ ਵੇਖੇ ਤਾਂ ਕੌਣ ਵੇਖੇ “ਦੀਪ”,
ਨਿਗ੍ਹਾ ਹੈ ਆਦਮੀ ਦੀ ਚੰਨ ਤਾਰਿਆਂ ਉੱਤੇ।

## (ਸੈਂਤੀ)

ਅਜ ਕਲ ਜੋ ਤੈਨੂੰ ਜਾਪਦੇ ਕੱਖ ਜਾਂ ਕਸੀਰ ਨੇ।
ਰਾਹਬਰ ਨੇ ਤੇਰੇ, ਜ਼ਿੰਦਗੀ ਦੇ ਰਾਹਗੀਰ ਨੇ।

ਸ਼ਾਇਦ ਉਨ੍ਹਾਂ ਦਾ ਆਪਣਾ ਹੁੰਦਾ ਨਹੀਂ ਦਿਮਾਗ਼,
ਜਿਹੜੇ ਕਿਸੇ ਲਕੀਰ ਦੇ ਹੁੰਦੇ ਫ਼ਕੀਰ ਨੇ।

'ਇਨਸਾਨ' ਜੇ ਕਹਾਂ ਤਾਂ ਉਹ ਝੁਕ ਜਾਣ ਸ਼ਰਮ ਨਾਲ,
ਗਿਠ ਹੋਰ ਉੱਚੇ ਹੋਣ, ਜੇ ਆਖਾਂ 'ਅਮੀਰ' ਨੇ।

ਕੀਕਣ ਕਰੇਂਗਾ, ਕਿੰਝ ਲਕੋਵੇਂਗਾ ਅਪਣਾ ਆਪ,
ਪਾਈਆਂ ਜੇ ਤੈਨੂੰ ਲਾਅਨਤਾਂ ਤੇਰੀ ਜ਼ਮੀਰ ਨੇ?

ਪੁਛਿਆ ਨਾ "ਦੀਪ" ਤੈਨੂੰ ਕਿਸੇ ਜਿਊਂਦੇ ਜੀ ਜਦੋਂ,
ਮਰ ਜਾਣ ਪਿੱਛੋਂ ਦਸ ਭਲਾ ਕਿਸ ਪਾਉਣੇ ਕੀਰਮੇ?

## (ਅਠੱਤੀ)

ਕਿਸੇ ਪਲ ਵੀ ਮਿਰੇ ਦਿਲ ਤੋਂ ਨਾ ਏਨੀ ਗੱਲ ਭੁਲਾ ਹੋਏ।
"ਜਿਨ੍ਹਾਂ ਨੇ ਆਸਰਾ ਤਕਿਆ ਉਹੀ ਬੇ-ਆਸਰਾ ਹੋਏ"।

ਹਦਾਇਤ ਹੈ ਕਿ ਰਾਜ਼ੀ ਰਹੀਏ ਓਸੇ ਦੀ ਰਜ਼ਾ ਅੰਦਰ,
ਭਲਾ ਸਾਡੀ ਰਜ਼ਾ ਵਿਚ ਓਸ ਦੀ ਕਿਉਂ ਨਾ ਰਜ਼ਾ ਹੋਏ?

ਜਦੋਂ ਪੁਛਿਆ ਉਨ੍ਹਾਂ ਕੋਲੋਂ ਕਿ ਸਾਡੇ ਦਿਲ ਦਾ ਕੀ ਬਣਿਆਂ,
ਉਹ ਭੋਲੇ-ਭਾਅ ਇਵੇਂ ਬੋਲੇ, ਕਿ ਸਾਨੂੰ ਕੀ ਪਤਾ ਹੋਏ?

ਮਿਰੀ ਨਗਰੀ ਦੇ ਬੰਦਿਆਂ ਨੂੰ ਕੋਈ ਬੰਦੇ ਕਹੇ ਤਾਂ ਕਿਉਂ,
ਉਹ ਜਦ ਕਿਧਰੇ ਵੀ ਮਿਲਦੇ ਹਨ ਤਾਂ ਮਿਲਦੇ ਹਨ ਖ਼ੁਦਾ ਹੋਏ।

ਮਨਾਹੀ ਇਸ਼ਕ ਦੀ ਕਿਧਰੇ ਨਹੀਂ ਪਰ ਫੇਰ ਵੀ ਮਿਤਰਾ,
ਸਜ਼ਾ ਆਸ਼ਿਕ ਦੀ ਓਹੋ ਹੈ, ਜੋ ਬਾਗ਼ੀ ਦੀ ਸਜ਼ਾ ਹੋਏ।

ਦੋਹਾਂ ਦੇ ਵਿਚ-ਵਿਚਾਲੇ ਫ਼ਾਸਲਾ ਕੁਝ ਵੀ ਨਹੀਂ ਹੈ, ਪਰ
ਨਜ਼ਰ ਜਦ ਤਕ ਨਹੀਂ ਮਿਲਦੀ, ਕਿਵੇਂ ਦਿਲ ਨੂੰ ਟਿਕਾ ਹੋਏ।

ਉਹ ਮੁਨਸਿਫ਼ ਹੈ, ਮਗਰ ਸਰਕਾਰ ਦੀ ਤਨਖ਼ਾਹ ਤੇ ਪਲਦਾ ਹੈ,
ਕਿਵੇਂ ਨਾ ਸੋਚਣੀ ਉਸ ਦੀ ਤੇ ਹੱਕ ਸਰਕਾਰ ਦਾ ਹੋਏ?

ਜਿਦ੍ਹੇ ਤੇ ਮਾਣ ਸੀ ਡਾਢਾ, ਕਿ ਮੈਥੋਂ ਜਿੰਦ ਵਾਰੇਗਾ,
ਉਸੇ ਨੇ ਆਖਿਆ ਖਿਝ ਕੇ, "ਕਹੋ ਇਸ ਨੂੰ ਦਫ਼ਾ ਹੋਏ"।

ਜਦੋਂ ਭੁੱਖੇ ਦਾ ਰੋਟੀ ਮਿਲਦਿਆਂ ਹੀ ਖਿੜ ਗਿਆ ਚਿਹਰਾ,
ਇਵੇਂ ਲਗਿਆ ਜਿਵੇਂ ਰੋਟੀ 'ਚ ਵੀ ਡਾਢਾ ਨਸ਼ਾ ਹੋਏ।

ਨਹੀਂ ਅੱਖੀਆਂ 'ਚ ਜੇ ਅੱਥਰੂ, ਇਦ੍ਹਾ ਇਹ ਅਰਥ ਨਹੀਂ ਯਾਰੋ,
ਕਿ ਲੱਗੀ ਠੇਸ ਦਾ ਇਸ ਦਿਲ ਨੂੰ, ਦੁੱਖ ਨਾ ਪਹੁੰਚਿਆ ਹੋਵੇ।

ਕਿਸੇ ਦੂਜੇ ਦੀ ਮਜਬੂਰੀ ਤੇ ਉਹ ਬਿਲਕੁਲ ਨਹੀਂ ਹਸਦਾ,
ਜਿਨ੍ਹੇ ਬੁੱਕਲ 'ਚ ਅਪਣੀ "ਦੀਪ" ਵਾਂਗੂੰ ਝਾਕਿਆ ਹੋਏ।

## (ਉਨਤਾਲ਼ੀ)

ਦੇਂਦਾ ਹਾਂ ਨਿਤ ਦੁਹਾਈ ਕਿ ਸ਼ੀਸ਼ਾ ਵਿਖਾ ਦਿਓ।
ਮੈਨੂੰ ਵੀ ਮੇਰੇ ਆਪਣੇ 'ਦਰਸ਼ਨ' ਕਰਾ ਦਿਓ।

ਸਚ ਨੂੰ ਤਾਂ ਪਰਦੇ-ਦਾਰੀਆਂ ਦੀ ਲੋੜ ਹੀ ਨਹੀਂ,
ਇਹ ਝੂਠ ਦੀ ਹੀ ਮੰਗ ਹੈ, "ਪਰਦਾ ਗਿਰਾ ਦਿਓ।

ਜ਼ੋਰਾਵਰੀ ਦੇ ਆਸਰੇ ਕੀ ਪਾਂਧਾ ਪੁੱਛਣਾ,
ਜਦ ਚਾਹੋ ਬੇ-ਬਸੀ ਦਾ ਤਮਾਸ਼ਾ ਬਣਾ ਦਿਓ।

ਸੂਰਜ ਨੂੰ ਸੂਲੀ ਟੰਗਿਆਂ, ਪੈਂਦਾ ਨਹੀਂ ਹਨੇਰ,
ਅਪਣਾ ਭੁਲੇਖਾ ਕਢ ਲਵੋ, ਜਗ ਨੂੰ ਦਿਖਾ ਦਿਓ।

ਫੁੱਲਾਂ ਦੀ ਛੋਹ ਦਾ ਹੋਰ ਵੀ ਆਵੇਗਾ ਇਓਂ ਅਨੰਦ,
ਰਸਤੇ 'ਚ ਪੈਰ ਪੈਰ ਤੇ ਕੰਡੇ ਵਿਛਾ ਦਿਓ।

ਲੁਟਣਾ ਤੇ ਲੁਟ ਕੇ ਪੁੱਛਣਾ, 'ਕੀ ਹਾਲ ਚਾਲ ਹੈ?'
ਮੈਨੂੰ ਵੀ ਮੇਰੇ ਦੋਸਤੋ ਇਹ ਵੱਲ ਸਿਖਾ ਦਿਓ।

ਸੁੱਤੇ ਨੂੰ ਛੱਡ ਕੇ ਡਾਣ ਤੋਂ ਬਿਹਤਰ ਹੈ ਇਹ ਉਪਾਅ,
ਸੁੱਤੀਆਂ ਚਿਰਾਂ ਤੋਂ ਦਿਲ ਦੀਆਂ ਪੀੜਾਂ ਜਗਾ ਦਿਓ।

ਇਓਂ ਦੇਖੀ ਝੁਰੜੀਆਂ 'ਚ ਲੁਕੀ ਉਮਰ ਦੀ ਥਕਾਨ,
ਜਿਉਂ ਕਹਿੰਦੀ ਹੋਵੇ "ਬਚਪਨਾ ਮੁੜ ਕੇ ਲਿਆ ਦਿਓ।

ਹਾਸੇ ਜਿਨ੍ਹਾਂ ਦੇ ਹੋ ਗਏ ਹਨ ਛਾਨਣੀ ਦੇ ਵਾਂਗ,
ਉਹਨਾਂ ਦੇ ਨਾਲ "ਦੀਪ" ਦਾ ਵੀ ਨਾਂ ਲਿਖਾ ਦਿਓ।

## (ਚਾਲ਼ੀ)

ਹਿਤ ਜਿਸ ਦੇ ਜੁੜੇ ਹੋਏ ਨੇ ਸੋਨੇ ਦੀ ਡਲੀ ਨਾਲ।
ਕਿਉਂ ਦੱਸੇ, ਕਿਵੇਂ ਬੀਤੀ ਕਿਸੇ ਕੂਲੀ ਕਲੀ ਨਾਲ।

ਟੀਚਾ ਸੀ ਜਿਦ੍ਹੇ ਦਿਲ ਦਾ ਕਦੀ ਸਿਖ਼ਰ ਦੁਪਹਿਰਾ,
ਅਜ ਤੁਰਿਆ ਫਿਰੇ ਦੇਖ, ਕਿਵੇਂ ਸ਼ਾਮ ਢਲੀ ਨਾਲ।

ਢਾਰੇ 'ਚ ਨਵੀਂ ਜਿੰਦ ਭਲਾ ਕਿੰਞ ਨਾ ਹੈਂਦੀ,
ਉਸਨੇ ਸੀ ਤਲੀ ਫੇਰੀ ਦਿਲੋਂ, ਮਹਿਕੀ ਤਲੀ ਨਾਲ।

ਦਰਿਆ ਨੂੰ ਵੀ ਲਗਿਆ ਜਿਵੇਂ ਲੂੰ ਲੂੰ ਤਪੇ ਉਸਦਾ,
ਲੰਘਿਆ ਸੀ ਜਦੋਂ ਖਹਿ ਕੇ ਕਿਸੇ ਬ੍ਰਿਹੋਂ-ਜਲੀ ਨਾਲ।

ਚਾਨਣ ਲਈ ਦੀਵੇ 'ਚ ਨਿਰਾ ਤੇਲ ਨਈਂ ਬਲਿਆ,
ਆ "ਦੀਪ" ਵਿਖਾਵਾਂ, ਕਿਵੇਂ ਬੱਤੀ ਵੀ ਜਲੀ ਨਾਲ।

## (ਇਕਤਾਲ਼ੀ)

ਰਾਤ ਨੇ ਮੇਰਾ ਕਲਾਵਾ ਭਰ ਲਿਆ।
ਦੰਗ ਹਾਂ, ਸੂਰਜ ਨੇ ਕੀਕਣ ਜਰ ਲਿਆ।

ਕਿਉਂ ਹੈ ਮੇਰੇ ਵਾਂਗ ਹੀ ਮੌਸਮ ਉਦਾਸ,
ਏਸ ਦਾ ਵੀ ਕੀ ਕਿਸੇ ਨੇ ਹਰ ਲਿਆ।

ਸ਼ੂਕਦੇ ਸਾਗਰ ਨੂੰ ਜਾ ਕੇ ਕਹਿ ਦਿਉ,
ਜ਼ਿੰਦਗੀ ਨੇ ਮਾਰੂਥਲ ਸਰ ਕਰ ਲਿਆ।

ਵਿੰਨ੍ਹ ਸਕਿਆ ਨਾ ਕੋਈ ਅਜ ਤਕ ਮਹਿਕ,
ਫੁੱਲ ਭਾਵੇਂ ਪੱਤੀ ਪੱਤੀ ਕਰ ਲਿਆ।

"ਦੀਪ" ਹੁਣ ਜਦ ਲੋੜ ਹੈ, ਬਣ ਜਾ ਮਸ਼ਾਲ,
ਸਾਂਭ ਸੀਨੇ ਅੱਗ ਬਥੇਰਾ ਠਰ ਲਿਆ।

## (ਬਤਾਲ਼ੀ)

ਨਿਰਧਰ ਸਹੀ ਧਨ ਵਾਲਿਓ, ਬੇਕਾਰ ਨਹੀਂ ਹਾਂ।
ਇਕ ਠੋਸ ਹਕੀਕਤ ਹਾਂ, ਸਮਾਚਾਰ ਨਹੀਂ ਹਾਂ।

ਬੈਠਕ 'ਚ ਕਨਸ ਤੇ ਕਿਵੇਂ ਸਜ ਜਾਵਾਂ ਭਰਾਵੋ,
ਸਰਕਾਰ ਤੋਂ ਮਿਲਿਆ ਮੈਂ ਪੁਰਸਕਾਰ ਨਹੀਂ ਹਾਂ।

ਦੋ ਚਾਰ ਹੀ ਮਿੰਟਾਂ 'ਚ ਕਿਵੇਂ ਪੜ੍ਹ ਲਵੇ ਕੋਈ,
ਇਕ ਉਮਰ ਦੀ ਪੁਸਤਕ ਹਾਂ ਮੈਂ ਅਖ਼ਬਾਰ ਨਹੀਂ ਹਾਂ।

ਕੀਕਣ ਕਹਾਂ "ਸਭ ਠੀਕ ਹੈ, ਸਭ ਠੀਕ ਹੈ ਹਰ ਥਾਂ",
ਕੁਰਸੀ ਤੇ ਬਿਰਾਜੀ ਹੋਈ ਸਰਕਾਰ ਨਹੀਂ ਹਾਂ।

ਫੂਕਣ ਲਈ ਘਰ ਦੂਜੇ ਦਾ ਵੇਖੋ ਨਾ ਮਿਰੇ ਵਲ,
ਮੈਂ "ਦੀਪ" ਹਾਂ ਚਾਨਣ ਲਈ, ਅੰਗਿਆਰ ਨਹੀਂ ਹਾਂ।

## (ਤਰਤਾਲ਼ੀ)

ਖ਼ਰਾ ਲਗਦੈ ਮੁਹੱਬਤ ਵਿਚ, ਅਸੂਲੀ ਜੰਗ-ਜੂੰ ਹੋਣਾ।
ਮਗਰ, ਚੰਗਾ ਨਹੀਂ ਲਗਦਾ, ਕਿਸੇ ਦਾ ਪਾਲਤੂ ਹੋਣਾ।

ਬੜਾ ਔਖੈ ਤਲ਼ੀ ਤੇ ਸਿਰ ਟਿਕਾਉਣਾ ਦੂਜਿਆਂ ਖ਼ਾਤਰ,
ਬੜਾ ਸੌਖੈ, ਕਿਸੇ ਤੋਂ ਮੂੰਹ ਭੁਆ ਕੇ ਸੁਰਖ਼-ਰੂ ਹੋਣਾ।

ਜ਼ਮਾਨੇ ਭਰ ਨੂੰ ਕਹਿੰਦੇ ਹਾਂ, ਕਿ ਅਪਣੇ ਰੂ-ਬ-ਰੂ ਹੋਵੋ,
ਮਗਰ ਔਖਾ ਜਿਹਾ ਲਗਦਾ ਹੈ ਅਪਣੇ ਰੂ-ਬ-ਰੂ ਹੋਣਾ,

ਮੁਹੱਬਤ ਵਿਚ ਜਦੋਂ ਦੀਵਾਨਗੀ ਹਦ ਪਾਰ ਕਰ ਜਾਵੇ,
ਕੋਈ ਮਾਅਨਾ ਨਹੀਂ ਰਖਦਾ ਉਦੋਂ ਬੇ-ਆਬਰੂ ਹੋਣਾ।

ਅਜੋਕੇ ਦੌਰ ਵਿਚ ਕੋਈ ਵੀ ਸ਼ਿਸ਼ ਬਣਨਾ ਨਹੀਂ ਚਾਹੁੰਦਾ,
ਜਦੋਂ ਕਿ ਲੋਚਦੈ ਹਰ ਕੋਈ, ਹਰ ਇਕ ਦਾ ਗੁਰੂ ਹੋਣਾ।

ਜੇ ਵਸਣਾ ਹੈ ਮਿਰੇ ਦਿਲ ਵਿਚ ਤਾਂ ਨਜ਼ਰਾਂ ਮੇਲ ਕੇ ਗੱਲ ਕਰ,
ਕਿ ਮੇਰੇ ਦਿਲ ਨੂੰ ਭਉਂਦਾ ਨਈਂ ਰਤੀ ਭਰ ਵੀ ਡਰੂ ਹੋਣਾ।

ਹਰਿਕ ਸ਼ਾਇਰ ਦੀ ਕੌੜੀ ਅੱਖ, ਰਹਿੰਦੀ ਹੈ ਮੇਰੇ ਵੱਲ ਹੀ,
ਬੜਾ ਮਹਿੰਗਾ ਪਿਐ ਮੈਨੂੰ ਗ਼ਜ਼ਲ ਦਾ ਪਾਰਖੂ ਹੋਣਾ।

ਜੇ ਵਿਗੜੇ ਤਿਗੜਿਆਂ ਦਾ ਪੀਰ ਡੰਡਾ ਹੈ, ਤਾਂ ਇਹ ਦੱਸੋ,
ਤੁਸਾਂ ਨੂੰ ਕਿਸ ਲਈ ਰੜਕੇ ਅਸਾਡਾ ਖਾੜਕੂ ਹੋਣਾ।

ਲਹੂ ਅਖੀਆਂ ’ਚ ਮੇਰੇ ਦੇਖਿਆ ਤਾਂ “ਦੀਪ” ਕਹਿ ਉਠਿਆ,
‘ਮੇਰੇ ਮਿਤਰਾ, ਜ਼ਰੂਰੀ ਹੈ ਰਗਾਂ ਵਿਚ ਵੀ ਲਹੂ ਹੋਣਾ।

(ਚੁਤਾਲ਼ੀ)

ਇਕ ਪਲ ਜੋ ਵਕਤ ਲੰਘਿਆ ਸੀਨੇ ਨੂੰ ਚੀਰਦਾ।
ਦੂਜੇ ਹੀ ਪਲ 'ਚ ਆ ਗਿਆ ਬੁੱਲਾ ਸਮੀਰ ਦਾ।

ਰਬ ਜਾਣੇ ਕਿਹੜੀ ਰੌਂ 'ਚ ਕਿਹਾ ਇਕ ਫ਼ਕੀਰ ਨੇ,
ਖ਼ੀਸਾ ਨਾ ਖਾਲੀ ਦੇਖੀਏ, ਦਿਲ ਅਮੀਰ ਦਾ।

ਕਦ ਤਕ ਮਿਲੇਗੀ ਓਸ ਨੂੰ ਢੋਈ ਜਹਾਨ ਤੇ,
ਕਦ ਤਕ ਉਹ ਛੱਡੀ ਰੱਖੇਗਾ ਪੱਲਾ ਜ਼ਮੀਰ ਦਾ।

ਜ਼ੁਲਫ਼ਾਂ ਦੇ ਕਾਲੇ ਨਾਗ ਵੀ ਨਿਭਦੇ ਨੇ ਓਦੋਂ ਤੀਕ,
ਜਦ ਤਕ ਜਵਾਨ ਦੇਹ ਤੇ ਹੈ ਪਹਿਰਾ ਸਮੀਰ ਦਾ

ਫ਼ਨੀਅਰ ਕਦੋਂ ਦਾ ਆਪਣੀ ਵਰਮੀ 'ਚ ਲੁਕ ਗਿਐ,
ਐਪਰ ਅਸਾਂ ਨੂੰ ਪਾ ਗਿਐ, ਪਿੱਟਣਾ ਲਕੀਰ ਦਾ।

ਪਹਿਲਾਂ ਨੇ ਜੋ ਜ਼ਰੂਰੀ ਉਹ ਮਸਲੇ ਨਜਿੱਠੀਏ,
ਨਿਸਚਿੰਤ ਹੋ ਕੇ ਗਾਵਾਂਗੇ ਫਿਰ ਕਿੱਸਾ ਹੀਰ ਦਾ।

ਅੰਦਾਜ਼ ਸ਼ੇਅਰ ਕਹਿਣ ਦਾ ਆਇਆ ਨ ਤੈਨੂੰ "ਦੀਪ",
ਬੇਸ਼ਕ ਹੈ ਹਰ ਖ਼ਿਆਲ ਤੇਰਾ ਦਿਲ ਨੂੰ ਚੀਰਦਾ।

## (ਪੰਜਤਾਲ਼ੀ)

ਤੇਰੇ ਬਾਝੋਂ ਕਿਸੇ ਮਹਿਫ਼ਿਲ 'ਚ ਮੈਂ ਸ਼ਾਮਿਲ ਨਹੀਂ ਹੁੰਦਾ।
ਜੇ ਹੋਵਾਂ ਵੀ ਤਾਂ ਮੇਰੇ ਨਾਲ ਮੇਰਾ ਦਿਲ ਨਹੀਂ ਹੁੰਦਾ।

ਤੇਰੇ ਮੁਖੜੇ ਤੇ ਕਾਲਾ ਤਿਲ ਨਹੀਂ ਹੈ, ਫੇਰ ਕੀ ਹੋਇਆ,
ਹਰਿਕ ਸੋਹਣੇ ਜਿਹੇ ਮੁਖੜੇ ਤੇ ਕਾਲਾ ਤਿਲ ਨਹੀਂ ਹੁੰਦਾ।

ਇਹ ਸਦਕਾ ਹੈ ਮੁਹੱਬਤ ਦਾ, ਕਿ ਤੂੰ ਮਿਲਿਐਂ ਖ਼ੁਦਾ ਬਣਕੇ,
ਮਿਰੇ ਸਜਣਾ, ਮੁਹੱਬਤ ਨਾਲ ਕੀ ਹਾਸਿਲ ਨਹੀਂ ਹੁੰਦਾ।

ਕਿਸੇ ਨਾਜ਼ੁਕ ਜਿਹੇ ਚਿਹਰੇ ਤੋਂ, ਇਹ ਸਿੱਟਾ ਨਾ ਕੱਢ ਬੈਠੀਂ,
ਕਿ ਇਕ ਨਾਜ਼ੁਕ ਜਿਹਾ ਚਿਹਰਾ, ਕਦੇ ਕਾਤਿਲ ਨਹੀਂ ਹੁੰਦਾ।

ਬੜੀ ਮੁਸ਼ਕਿਲ ਹੈ ਸਹਿਣੀ ਪੀੜ, ਇਕ ਟੁੱਟੇ ਹੋਏ ਦਿਲ ਦੀ,
ਮਗਰ ਦਿਲ ਤੋੜਕੇ ਹਸਣਾ, ਕੋਈ ਮੁਸ਼ਕਿਲ ਨਹੀਂ ਹੁੰਦਾ।

ਹਰਿਕ ਦੁੱਖ ਨੂੰ, ਹਰਿਕ ਸੁਖ ਨੂੰ ਦਿਲੋਂ ਮਹਿਸੂਸ ਕਰਦਾ ਏ,
ਕੋਈ ਇਨਸਾਨ ਵੀ, ਭਗਵਾਨ ਵਾਂਗੂੰ ਸਿਲ ਨਹੀਂ ਹੁੰਦਾ।

ਸਫ਼ਰ ਦੌਰਾਨ ਕੁਝ ਪਲ਼ ਦਾ ਪੜਾਅ, ਕਿਧਰੇ ਵੀ ਹੋ ਸਕਦੈ,
ਮਗਰ ਕੋਈ ਪੜਾਅ ਰਾਹੀ ਲਈ ਮੰਜ਼ਿਲ ਨਹੀਂ ਹੁੰਦਾ।

ਹਰਿਕ ਸ਼ਾਇਰ ਨੂੰ "ਵਾਹ ਵਾਹ" ਤੋਂ ਬੜੀ ਤਸਕੀਨ ਮਿਲਦੀ ਹੈ,
ਮਗਰ ਪਰਿਵਾਰ ਨੂੰ "ਵਾਹ ਵਾਹ" ਤੋਂ ਕੁਝ ਹਾਸਿਲ ਨਹੀਂ ਹੁੰਦਾ।

ਸਮਝਦੈ "ਦੀਪ" ਜ਼ੁੰਮੇਵਾਰੀਆਂ, ਏਸੇ ਲਈ ਚੁਪ ਹੈ,
ਨਹੀਂ ਤਾਂ ਕਿਸ ਦੇ ਸੀਨੇ ਵਿਚ ਧੜਕਦਾ ਦਿਲ ਨਹੀਂ ਹੁੰਦਾ।

## (ਛਿਆਲ਼ੀ)

ਜਿਨ੍ਹਾਂ ਦੀ ਸੋਚਣੀ ਮਚਦੀ ਹੋਈ ਮਸ਼ਾਲ ਨਹੀਂ।
ਗ਼ਿਲਾ ਉਹ ਕਰਨ ਕਿਉਂ, ਚਾਨਣ ਉਨ੍ਹਾਂ ਦੇ ਨਾਲ ਨਹੀਂ।

ਜੋ ਬੇ-ਮਿਸਾਲ ਸੀ, ਉਹ ਬਾ-ਮਿਸਾਲ ਹੈ ਅਜ-ਕਲ,
ਸਮੇਂ ਦੇ ਸਾਮ੍ਹਣੇ ਕੋਈ ਵੀ ਬੇ-ਮਿਸਾਲ ਨਹੀਂ।

ਕਰੋ ਗ਼ਰੂਰ ਤੁਸੀਂ ਆਪਣੇ ਸੁਹੱਪਣ ਦਾ,
ਮਗਰ ਇਹ ਯਾਦ ਰਹੇ, ਸੋਹਣਿਆਂ ਦਾ ਕਾਲ ਨਹੀਂ।

ਉਹ ਮੇਰੇ ਕੋਲ ਨੇ, ਬੈਠੇ ਨੇ, ਬਾਤ ਕਰਦੇ ਨੇ,
ਨਹੀਂ ਮਸੂਸ ਕਿ ਉਹ ਮੇਰੇ ਹਮ-ਖ਼ਿਆਲ ਨਹੀਂ।

ਦਿਆਂ ਮੈਂ ਸਾਥ ਤੇਰਾ, ਜਾਂ ਕਿ ਉਸ ਦੇ ਨਾਲ ਰਹਾਂ,
ਇਹ ਮੇਰੀ ਮਰਜ਼ੀ ਹੈ, ਮੈਂ ਕੋਈ ਯਰਗ-ਮਾਲ ਨਹੀਂ।

ਜਦੋਂ ਵੀ ਝਾਕਦਾਂ ਬੁੱਕਲ 'ਚ, ਦੇਖਦਾਂ ਉਸ ਨੂੰ,
ਕਿਵੇਂ ਮੈਂ ਕਹਿ ਦਿਆਂ, ਉਹ ਮੇਰੇ ਨਾਲ ਨਾਲ ਨਹੀਂ।

ਜਿਨ੍ਹਾਂ ਨੂੰ ਇਸ਼ਕ ਦੀ ਸੋਝੀ ਨਹੀਂ ਉਹ ਕੀ ਜਾਨਣ,
ਕਿ ਮਸਲਾ ਸ਼ੌਕ ਦਾ ਹੈ, ਉਮਰ ਦਾ ਸਵਾਲ ਨਹੀਂ।

ਤੁਹਾਡੀ ਪੁੱਛ ਹੈ, ਜੋਬਨ ਤੇ ਹੁਸਨ ਦਾ ਸਦਕਾ,
ਜਦੋਂ ਇਹ ਨਾ ਰਹੇ, ਝੱਲਣੀ ਕਿਸੇ ਨੇ ਝਾਲ ਨਹੀਂ।

ਉਨ੍ਹਾਂ ਨੂੰ ਮੇਰਿਆਂ ਜ਼ਖ਼ਮਾਂ ਦੀ ਪੀੜ ਹੋਵੇ ਕਿਵੇਂ,
ਉਹ ਸਿਰਫ਼ ਅਪਣੇ ਨੇ, ਦੁਖ-ਸੁਖ ਦੇ ਭਾਈਵਾਲ ਨਹੀਂ।

ਜਦੋਂ ਵੀ ''ਦੀਪ'' ਦੀ ਝੁੱਗੀ ਨੂੰ ਅੱਗ ਲਾਵਣਗੇ,
ਖਿੰਡੇਗੀ ਰੌਸ਼ਨੀ, ਉਹਨਾਂ ਨੂੰ ਇਹ ਖ਼ਿਆਲ ਨਹੀਂ।

(ਸੰਤਾਲ਼ੀ)

ਜਦ ਤਕ ਚਾਹਵਾਂਗਾ ਕੰਡਿਆਂ ਵਿਚ, ਫੁੱਲ ਬਣਕੇ ਮੁਸਕਾਵਾਂਗਾ।
ਜਦ ਚਾਹਵਾਂਗਾ ਖ਼ੁਸ਼ਬੂ ਬਣਕੇ, ਗ਼ੁਲਸ਼ਨ 'ਚੋਂ ਉੱਡ ਜਾਵਾਂਗਾ।

ਕਿਉਂ ਇਕ ਪਾਗਲ ਦੇਖ ਕੇ ਰੋਟੀ, ਚੀਕ ਉਠਿਆ ਕਿ ਹੁਣ ਤਾਂ ਮੈਂ,
ਬਰਛੀ ਬਣ ਕੇ ਜ਼ਾਲਿਮ ਭੁੱਖ ਦੇ, ਢਿੱਡ ਵਿਚ ਦੀ ਲੰਘ ਜਾਵਾਂਗਾ।

ਖਿਝਕੇ ਜੇ ਮਾਰੇਂਗਾ ਪੱਥਰ, ਟੁੱਟ ਜਾਵਾਂਗਾ ਸ਼ੀਸ਼ੇ ਵਾਂਗ,
ਟੁੱਟਕੇ ਵੀ ਹਰ ਟੁੱਕੜੇ ਵਿੱਚੋਂ, ਤੇਰਾ ਮੂੰਹ ਦਿਖਲਾਵਾਂਗਾ।

ਤੇਰੇ ਦਰ ਸਤਿਕਾਰੇ ਜਾਂਦੇ ਸੋਨੇ, ਚਾਂਦੀ ਦੇ ਚਿਹਰੇ,
ਮੈਂ ਪੱਥਰ ਦਾ ਚਿਹਰਾ ਲੈ ਕੇ, ਕਿਉਂ ਤੇਰੇ ਦਰ ਆਵਾਂਗਾ।

ਮੇਰਾ ਜੀਵਨ ਤਪਦਾ ਹੰਝੂ, ਮੇਰਾ ਦਿਲ ਹੈ ਸੜਦਾ ਗ਼ਮ,
ਮਾਰੂਥਲ ਦੀ ਗੋਦ 'ਚ ਬਹਿ ਕੇ, ਕਿਸ ਨੂੰ ਹਾਲ ਸੁਣਾਵਾਂਗਾ।

ਹੱਸਣ ਨੂੰ ਜੇ ਦਿਲ ਕਰ ਆਇਆ, ਕੀ ਆਖਾਂਗਾ ਹੰਝੂਆਂ ਨੂੰ,
ਮੈਨੂੰ ਦਸ ਜਾ ਮੇਰੇ ਮਹਿਰਮ, ਕਿਹੜਾ ਤਰਲਾ ਪਾਵਾਂਗਾ।

ਕਿਸ ਨੂੰ ਸੂਹ ਸੀ, ਬਦਲਣਗੇ ਹਾਲਾਤ ਮਿਰੇ ਕੁਝ ਏਦਾਂ "ਦੀਪ",
ਅਪਣੀ ਅਰਥੀ ਫੁੱਲਾਂ ਦੀ ਥਾਂ ਸੂਲਾਂ ਨਾਲ ਸਜਾਵਾਂਗਾ।

## (ਅਠਤਾਲ਼ੀ)

ਸ਼ੀਸ਼ਾ ਜਦੋਂ ਵੀ ਵੇਖਦਾ ਹਾਂ ਮੈਂ ਨਿਹਾਰ ਕੇ।
'ਮੂੰਹ ਅਪਣਾ ਦੇਖ', ਆਖਦੈ ਸ਼ੀਸ਼ਾ ਪੁਕਾਰ ਕੇ।

ਰਹਿੰਦੇ ਨਹੀਂ ਹਰੇ ਜਿਵੇਂ ਜੜ੍ਹ ਤੋਂ ਬਿਨ੍ਹਾਂ ਦਰਖ਼ਤ,
ਕੌਮਾਂ ਵੀ ਜਿਉਂਦੀਆਂ ਨਹੀਂ ਵਿਰਸਾ ਵਿਸਾਰ ਕੇ।

ਫੁੱਲਾਂ ਦੇ ਨਾਲ ਮੁੱਢ ਤੋਂ ਏਹੋ ਹੈ ਬੀਤਦੀ,
ਰੁਲਦੇ ਨੇ ਕੂੜੇ ਵਾਂਗਰਾਂ, ਖ਼ੁਸ਼ਬੂ ਖਿਲਾਰ ਕੇ

ਆਸ਼ਿਕ ਨੂੰ ਹੋਣੀ ਆਖਦੀ, 'ਜਿਊਂਦਾ ਰਹੇਂ ਸਦਾ',
ਪੁੱਤਰ ਨੂੰ ਕਹਿੰਦੀ ਮਾਂ ਜਿਵੇਂ ਬਾਹਾਂ ਪਸਾਰ ਕੇ।

ਬਲਦੀ ਨੂੰ ਬਲਦੀ ਰਹਿਣ ਦੇ, ਹਾੜ੍ਹਾ ਈ ਸੁਹਣਿਆਂ,
ਵੇਖੀਂ ਸੁਆਹ ਨਾ ਕਰ ਦਵੀਂ, ਬਲਦੀ ਨੂੰ ਠਾਰ ਕੇ।

ਕੁੱਲੀ 'ਚ ਰਹਿਣ ਵਾਲਿਆਂ ਨੂੰ ਦਾਦ ਤਾਂ ਦਿਓ,
ਸੌਂਦੇ ਨੇ ਰੋਜ਼ ਮਹਿਲ ਖ਼ਿਆਲੀ ਉਸਾਰ ਕੇ।

ਦੇਖੇ ਨੇ ਲੱਖਾਂ "ਦੀਪ" ਤੇਰੇ ਵਰਗੇ ਸ਼ਾਹ-ਸਵਾਰ,
ਮਰ ਮਿਟ ਗਏ ਨੇ ਧੂੜ ਵਿਚ ਆਪਾ ਖਿਲਾਰ ਕੇ।

## ( ਉਨੰਜਾ)

ਹੋਣ ਸਲਾਮਾਂ ਅਹੁਦੇ ਨੂੰ ਜਾਂ ਮੁੱਲ ਪਵੇ ਪਹਿਚਾਨਾਂ ਦਾ।
ਬਸ ਏਨਾਂ ਹੀ ਮਾਪ-ਦੰਢ ਹੈ ਅਜ-ਕਲ ਦੇ ਸਨਮਾਨਾਂ ਦਾ।

ਆਪੇ ਮੁਜਰਮ, ਆਪੇ ਮੁਨਸਫ਼, ਆਪ ਹੀ ਕਰਤਾ-ਧਰਤਾ ਨੇ,
ਵਾਲ ਵੀ ਵਿੰਗਾ ਹੋ ਨਈਂ ਸਕਦਾ ਅੱਜ ਸਿਆਸਤਦਾਨਾਂ ਦਾ।

ਲਾਠੀ ਵਾਲੇ ਹੱਥ ਤੋਂ ਡਰ ਕੇ ਹੀ ਕਹਿੰਦੇ ਹਨ ਕੁਝ ਇਕ ਲੋਕ,
ਮਾੜੇ ਹੱਥ ਦੀ ਬੁਰਕੀ ਤੇ ਵੀ ਹੱਕ ਬਣੇ ਬਲਵਾਨਾਂ ਦਾ।

ਤੱਤੇ ਲਹੂ ਨੂੰ ਸਮਝਣ ਵਾਲੇ ਆਗੂ ਅਜ-ਕਲ ਕਿੱਥੇ ਹਨ,
ਅਜ-ਕਲ ਤਾਂ ਉਹ ਆਗੂ ਹਨ ਜੋ ਸੌਦਾ ਕਰਨ ਜਵਾਨਾਂ ਦਾ।

ਸਾਧ ਵੀ ਅਜ ਕਲ ਰਾਜ ਕਮਾਉਂਦੇ, ਝੂਟੇ ਲੈਂਦੇ ਕਾਰਾਂ ਤੇ,
ਸਾਧਾਂ ਨੂੰ ਵੀ ਮੰਦਾ ਲਗਦੈ, ਧੰਦਾ ਹੋਰ ਦੁਕਾਨਾਂ ਦਾ।

ਮਿਹਨਤ ਵਿਚ ਵਿਸ਼ਵਾਸ਼ ਜਿਨ੍ਹਾਂ ਦਾ, ਨਾ ਮੰਗਦੇ,ਨਾ ਖੋਂਹਦੇ ਨੇ,
ਨਾਲ ਉਨ੍ਹਾਂ ਦੇ ਮੇਲ ਭਲਾ ਕੀ, ਸ਼ਾਹਾ ਦਾ, ਸ਼ੈਤਾਨਾਂ ਦਾ?

ਜਿਸ ਨੂੰ ਅਪਣੀ ਮਾਂ-ਬੋਲੀ ਦੀ, ਮਿੱਠਤ ਦਾ ਅਹਿਸਾਸ ਨਹੀਂ,
ਸੱਥ ਵਿਚ ਬਹਿ ਕੇ ਚਰਚਾ ਕਰਦੈ, ਓਹੀ ਹੋਰ ਜ਼ੁਬਾਨਾਂ ਦਾ।

ਸਮਝੇ ਜਾਂ ਨਾ ਸਮਝੇ ਕੋਈ, ਤੂੰ ਕਵਿਤਾਵਾਂ ਲਿਖਦਾ ਰਹਿ,
ਤੇਰੇ ਸਿਰ ਤੇ ਹੱਥ ਹੈ ਪਿਆਰੇ, ਆਲੋਚਕ- ਵਿਦਵਾਨਾਂ ਦਾ।

ਜਿਹੜੇ ਮੋਟੀ ਗੋਗੜ ਕਾਰਨ, ਬਹਿਕੇ ਉੱਠ ਨਾ ਸਕਦੇ “ਦੀਪ”,
ਚੋਣ-ਅਖਾੜੇ ਵਿਚ ਚਰਚਾ ਹੈ, ਅਜ ਉਹਨਾਂ ਭਲਵਾਨਾਂ ਦਾ।

(ਪੰਜਾਹ)

ਕਹਿ ਦਿਓ ਬਦਲੋਟੀਆਂ ਨਾ ਆਉਣ ਏਧਰ ਇਸ ਕਦਰ।
ਕਿਉਂ ਕਿ ਸਾਡੀ ਜ਼ਿੰਦਗੀ ਹੈ ਮਾਰੂਥਲ ਦਾ ਇਕ ਸਫ਼ਰ।

ਮੌਤ ਸਾਡੀ ਜ਼ਿੰਦਗੀ ਦਾ ਇਕ ਪੜਾਅ ਹੈ ਛਿਣ ਕੁ ਭਰ।
ਹਰ ਪੜਾਅ ਮਗਰੋਂ ਸ਼ੁਰੂ ਕਰੀਏ ਅਸੀਂ ਅਗਲਾ ਸਫ਼ਰ।

ਦਰ ਬਦਰ ਕਰ ਦੇਣ ਦਾ ਜੇ ਕਰ ਉਨ੍ਹਾਂ ਨੂੰ ਹੱਕ ਹੈ,
ਹੱਕ ਹੈ ਸਾਨੂੰ ਵੀ, ਕਹੀਏ–'ਸਾਰੀ ਦੁਨੀਆਂ ਸਾਡਾ ਘਰ'।

ਵੰਡੀਆਂ ਆਪਸ 'ਚ ਪਾਉਂਦੇ, ਕਿਉਂ ਨਹੀਂ ਇਉਂ ਸੋਚਦੇ,
ਕਿਉਂ ਨੇ ਅੱਖਾਂ ਸਭ ਦੀਆਂ ਦੋ, ਕਿਉਂ ਹੈ ਸਭ ਦੀ ਇਕ ਨਜ਼ਰ।

ਕੀ ਕਰੇ ? ਕੀ ਨਾ ਕਰੇ ? ਕੀਕਣ ਬਚਾਵੇ ਜ਼ਿੰਦਗੀ ?
ਇਕ ਚਿੜੀ ਤੇ ਪੈ ਗਈ ਹੈ ਬਾਜ਼ ਦੀ ਖ਼ੂਨੀ ਨਜ਼ਰ।

ਖ਼ੂਨ ਪਾਣੀ ਵਾਂਗ ਡੁੱਲ੍ਹੇ, ਜਿਸਮ ਮਿੱਟੀ ਹੋ ਰਹੇ,
ਹੈ ਗਏ ਸਿਵਿਆਂ ਦੇ ਰਾਹ ਕਿਉਂ ਯਾਰ-ਬੇਲੀ ਇਸ ਕਦਰ ?

ਬਹੁਤ ਪਿੱਛੇ ਛੱਡ ਆਇਆਂ, ਝੂਰਦੇ ਸਨ ਜੋ ਇਵੇਂ
ਵਾਧਿਆਂ ਦੀ ਆਸ ਵਿਚ ਘਾਟੇ ਸਹੇ ਨੇ ਕਿਸ ਕਦਰ।

ਅਜ ਹਰਿਕ ਦੀ ਸੋਚ ਤੇ ਹਾਵੀ ਏ ਬਸ ਇੱਕੋ ਸਵਾਲ,
ਆ ਰਿਹੈ ਜੰਗਲ ਦੀ ਜੱਦ ਵਿਚ ਕਿਸ ਲਈ ਸਾਡਾ ਹੀ ਘਰ ?

ਜ਼ਿੰਦਗੀ ਨੇ ਜ਼ਿੰਦਗੀ ਭਰ ਠੋਕਰਾਂ ਹੀ ਮਾਰੀਆਂ,
ਕੀ ਪਤਾ ਸੀ "ਦੀਪ", ਜੇ ਕਰ ਜ਼ਖ਼ਮ ਨਾ ਦਿੰਦੇ ਖ਼ਬਰ।

## (ਇਕਵੰਜਾ)

ਸੁਣ ਸਕਦੈਂ ਤਾਂ ਸੁਣ ਹਿਰਦੇ ਦੀ ਹਾਕ ਸਜਨ।
ਅੱਖੀਆਂ ਥਾਣੀਂ ਧੁਰ ਅੰਦਰ ਝਾਕ ਸਜਨ।

ਕੁਝ ਨਾ ਹੋ ਕੇ ਇਕ ਦੂਜੇ ਦੇ ਸਭ ਕੁਝ ਹਾਂ,
ਕਿਹੜੇ ਸਾਕ ਤੋਂ ਘੱਟ ਹੈ ਅਪਣਾ ਸਾਕ ਸਜਨ।

ਇਸ਼ਕ ਹਕੀਕੀ ਹੋ ਨਈਂ ਸਕਦਾ ਤਦ ਤੀਕਰ,
ਜਦ ਤੀਕਰ ਨਈਂ ਹੁੰਦਾ ਹਿਰਦਾ ਪਾਕ ਸਜਨ।

ਸ਼ਾਇਦ ਤੇਰਾ ਹੀ ਖ਼ਤ ਆਵੇ ਝੱਲੇ ਨੂੰ,
ਬੈਠ ਬਰੂਹੀਂ ਰੋਜ਼ ਉਡੀਕਾਂ ਡਾਕ ਸਜਨ।

ਉੱਚੇ ਸੁੱਚੇ ਬਣ ਬਣ ਬਹਿਣਾ ਕਿਹੜੇ ਕੰਮ,
ਉੱਚਾ ਸੁੱਚਾ ਜੇਕਰ ਨਈਂ ਇਖ਼ਲਾਕ ਸਜਨ।

ਸਭ ਨੂੰ ਇਲਮ ਹੈ, ਅਣ-ਤਾਰੂ ਹੀ ਡੁਬਦੇ ਨੇ,
ਤੂੰ ਕਿਉਂ ਡੁਬਿਓਂ, ਤੂੰ ਤਾਂ ਸੀ ਤੈਰਾਕ ਸਜਨ।

ਸਚਮੁਚ "ਦੀਪ" ਹੈ ਐਸੀ ਪੁਸਤਕ ਜੀਵਨ ਦੀ,
ਦਿਲ ਨੂੰ ਭਾਉਂਦੈ ਜਿਸ ਦਾ ਇਕ ਇਕ ਵਾਕ ਸਜਨ।

(ਬਵੰਜਾ)

ਮੰਨਿਆਂ ਤੇਰੀ ਸ਼ੋਖ਼ ਜਵਾਨੀ, ਅਜ ਕਲ ਜਾਨ ਕਲੱਬਾਂ ਦੀ।
ਇਕ ਦਿਨ ਮਿੱਟੀ ਕਰ ਦੇਵੇਗੀ, ਤੈਨੂੰ ਸ਼ਾਨ ਕਲੱਬਾਂ ਦੀ।

ਸਾਡੀ ਕੱਖਾਂ ਦੀ ਕੁੱਲੀ ਵਿਚ, ਤੇਰਾ ਚਿਤ ਲੱਗੇ ਤਾਂ ਕਿੰਝ,
ਤੂੰ ਏਂ ਮਹਿਲਾਂ ਦੀ ਸ਼ਹਿਜ਼ਾਦੀ, ਜਾਂ ਮਹਿਮਾਨ ਕਲੱਬਾਂ ਦੀ।

ਆ ਤੈਨੂੰ ਇਕ ਝਲਕ ਦਿਖਾਵਾਂ ਤੀਆਂ ਦੀ, ਮੈਂ ਅਪਣੇ ਪਿੰਡ,
ਇਕ ਛਿਣ ਅੰਦਰ ਭੁਲ ਜਾਵੇਂਗੀ ਫੋਕੀ ਸ਼ਾਨ ਕਲੱਬਾਂ ਦੀ।

ਦਿਲ 'ਚੋਂ ਆਪ-ਮੁਹਾਰੇ ਹਾਸੇ ਕੀਕਣ ਫੁਟਦੇ ਝਰਨੇ ਵਾਂਗ,
ਤੂੰ ਕੀ ਜਾਣੇ, ਤੇਰੇ ਬੁੱਲ੍ਹਾਂ ਤੇ ਮੁਸਕਾਨ ਕਲੱਬਾਂ ਦੀ।

ਵੇਖ ਮੇਰੇ ਪੰਜਾਬ ਦੇ ਮਿੱਠੇ, ਪਿਆਰੇ, ਨਚਦੇ-ਗਾਉਂਦੇ ਗੀਤ,
ਕਿੰਝ ਲਿਤਾੜ ਰਹੀ ਨਾਦਾਨੀ ਅਜ ਸੁਰ-ਤਾਨ ਕਲੱਬਾਂ ਦੀ।

ਸੋਨੇ ਚਾਂਦੀ ਦੀ ਥਾਂ ਜਿਸ ਦੇ ਪੱਲੇ ਗ਼ਮ ਤੇ ਝੋਰੇ ਹੋਣ,
ਉਹ ਕੀ ਜਾਣੇ, ਉਹ ਕੀ ਦੱਸੇ, ਕੀ ਪਹਿਚਾਨ ਕਲੱਬਾਂ ਦੀ।

ਰੌਸ਼ਨੀਆਂ ਦੀ ਜਗ-ਮਗ ਅੰਦਰ ਜਾਮ ਉਠਾ ਕੇ, ਲਹਿਰਾ ਕੇ,
ਖ਼ੁਸ਼ਬੂਆਂ ਦਾ ਤਨ ਕੋਹ ਕੇ ਹੀ ਬਚਦੀ ਆਨ ਕਲੱਬਾਂ ਦੀ।

"ਦੀਪ" ਤੇਰੇ ਪੱਲੇ ਤਾਂ ਕਾਣੀ ਕੌਡੀ ਵੀ ਨਈਂ ਨਾਦਾਨਾ,
ਤੇਰੇ ਉੱਤੇ ਚੜ੍ਹ ਸਕਦੀ ਏ, ਕੀਕਣ ਪਾਨ ਕਲੱਬਾਂ ਦੀ।

## (ਤਰਵੰਜਾ)

ਜੇ ਵਕਤ ਪੱਲੇ ਪਾ ਗਿਐ ਖੱਜਲ-ਖੁਆਰੀਆਂ।
ਆਪਾਂ ਵੀ ਕਦ ਵਿਸਾਰੀਆਂ ਨੇ ਖ਼ੁਸ਼-ਗਵਾਰੀਆਂ?

ਚੂੜਾ ਨਸੀਬ ਹੋਇਆ ਨਾ, ਮਜਬੂਰੀਆਂ ਦੀ ਮਾਰ,
ਆਈਆਂ ਸਫ਼ੈਦ ਹੋਣ ਤੇ, ਜ਼ੁਲਫ਼ਾਂ ਕੁਆਰੀਆਂ।

ਉੜਿਆ ਪੰਖੇਰੂ ਕੀ ਕਿਸੇ ਨਾਜ਼ੁਕ ਖ਼ਿਆਲ ਵਾਂਗ,
ਥਾਂ ਥਾਂ ਤੇ ਜਾਲ ਸੁਟ ਲਏ ਜ਼ਾਲਿਮ ਸ਼ਿਕਾਰੀਆਂ।

ਕੀ ਕੰਮ ਅਪਣਾ ਏਸ ਥਾਂ, ਚਲ ਹੋਰ ਥਾਂ ਕਿਤੇ,
ਏਥੇ ਤਾਂ ਸਭ 'ਹੀ ਕਰ ਰਹੇ ਨੇ ਤਰਫ਼-ਦਾਰੀਆਂ।

ਬਦਲੇ ਜੇ ਪਹਿਰੇਦਾਰ, ਇਦ੍ਹਾ ਅਰਥ ਇਹ ਨਹੀਂ,
ਕਿ ਮਾਨ੍ਹਿਆਂ ਤੋਂ ਬਦਲੀਆਂ ਨੇ ਪਹਿਰੇਦਾਰੀਆਂ।

ਦਾਅਵਤ ਉਨ੍ਹਾਂ ਨੇ ਹੋਣੀ ਨੂੰ ਦਿੱਤੀ ਹੈ ਆਪ ਹੀ,
ਸੋਚੇ ਬਿਨ੍ਹਾਂ ਹੀ ਜਿਹਨਾਂ ਨੇ ਸਾਂਝਾਂ ਨਕਾਰੀਆਂ।

ਮੱਥੇ ਤੇ ਕਰਕੇ ਹੱਥ ਦਾ ਓਟਾ ਜੋ ਦੇਖਦੀ,
ਏਸੇ ਦੀਆਂ ਸੀ ਅੱਖਾਂ ਕਦੇ ਟੂਣੇ- ਹਾਰੀਆਂ।

ਸਾਡੇ ਤੇ ਰਹਿਮ ਕਰਨ ਦਾ ਕਢ ਦੇ ਦਿਲੋਂ ਖ਼ਿਆਲ,
ਤੇਰਾ ਭਲਾ ਹੈ ਏਸੇ ਵਿਚ, ਤੂੰ ਪਾਲ ਯਾਰੀਆਂ।

ਆਜ਼ਾਦ ਹੋ ਕੇ ਵੀ ਅਸੀਂ ਆਜ਼ਾਦ ਕਿਉਂ ਨਹੀਂ?
ਐ "ਦੀਪ" ਕਿਸ ਨੇ ਖੋਹ ਲਈਆਂ ਸਾਥੋਂ ਉਡਾਰੀਆਂ?

## (ਚਰਵੰਜਾ)

ਜਦੋਂ ਵੀ ਹੋਸ਼ ਵਿਚ ਆਉਂਦਾ ਹਾਂ, ਯਾਰ ਕਹਿੰਦੇ ਨੇ।
''ਤੂੰ ਅਪਣੀ ਸੋਚ ਨੂੰ ਮੁੱਢੋਂ ਸੁਧਾਰ'' ਕਹਿੰਦੇ ਨੇ।

''ਕੁਤਰ ਨ ਦੇਣ ਕਿਤੇ ਖੰਭ ਤੇਰੇ ਜ਼ਾਲਿਮ ਲੋਕ,
ਤੂੰ ਡਾਢਾ ਹੋ ਗਿਐਂ ਅਜ-ਕਲ੍ਹ ਉਡਾਰ", ਕਹਿੰਦੇ ਨੇ।

"ਅਸਾਂ ਹੀ ਸਾਥ ਨਿਭਉਂਣਾ ਏ ਤੇਰਾ ਆਖ਼ਰ ਤਕ",
ਗ਼ਮਾਂ ਦੇ ਕਾਫ਼ਿਲੇ ਬਾਹਾਂ ਪਸਾਰ ਕਹਿੰਦੇ ਨੇ।

ਜਦੋਂ ਵੀ ਸੋਚਦਾਂ, ਸੂਰਜ ਦੇ ਹਾਣ ਦਾ ਹੋਵਾਂ,
ਜ਼ਮਾਨਾ- ਸਾਜ਼ ਵਿਚਾਰੇ, ''ਗੰਵਾਰ'' ਕਹਿੰਦੇ ਨੇ।

"ਕਿਆਮਤ ਆਉਣ ਦੇ, ਟੱਕਰਾਂਗੇ ਉਸਨੂੰ ਅਗਿਓਂ ਦੀ,"
ਜੋ ਜਿੰਦਾ-ਦਿਲ ਨੇ, ਇਹੀ ਬਾਰ ਬਾਰ ਕਹਿੰਦੇ ਨੇ।

''ਮਿਲਾਂਗੇ ਫੇਰ ਕਿਸੇ ਮੋੜ ਤੇ ਜ਼ਰੂਰ ਆਪਾਂ'',
ਇਹ ਵਧਦੇ ਫ਼ਾਸਲੇ ਕਿਉਂ ਬਾਰ ਬਾਰ ਕਹਿੰਦੇ ਨੇ।

ਹਰੇਕ ਚੀਜ਼ ਵਿਕਾਊ ਹੈ ਏਸ ਦੁਨੀਆਂ ਦੀ,
''ਫਰੋਲ ਆਪਣਾ ਖੀਸਾ'', ਬਜ਼ਾਰ ਕਹਿੰਦੇ ਨੇ।

ਗ਼ਜ਼ਲ ਦੇ ਰੰਗ 'ਚ ਰੰਗਿਆ ਗਿਆ ਏ "ਦੀਪ" ਇਵੇਂ,
ਕਿਸੇ ਦੀ ਕੀ, ਨਹੀਂ ਅਪਣੀ ਵੀ ਸਾਰ, ਕਹਿੰਦੇ ਨੇ।

## (ਪਚਵੰਜਾ)

ਇਉਂ ਮੇਰੇ ਖ਼ਾਬਾਂ ਨੇ ਮੈਨੂੰ ਭਟਕਾਇਆ।
ਜਿੱਦਾਂ ਮਾਰੂਥਲ ਵਿਚ ਕੋਈ ਤਿਰਹਾਇਆ।

ਚੁੱਪ ਰਹਿਕੇ ਵੀ ਰੁੰਡ - ਮਰੁੰਡੇ ਰੁੱਖਾਂ ਨੇ,
ਕੀਕਣ ਦੱਸਾਂ ਕੀ ਕੀ ਮੈਨੂੰ ਸਮਝਾਇਆ।

ਮਾਲੀ ਨੇ ਉਹ ਫੁੱਲ ਚੁਣੇ ਗ਼ੁਲ-ਦਸਤੇ ਲਈ,
ਗ਼ੁਲਸ਼ਨ ਦਾ ਸੀ ਕਣ ਕਣ ਜਿਹਨਾਂ ਮਹਿਕਾਇਆ।

ਕੀਚਰ ਕੀਚਰ ਹੋਇਆ ਜਦ ਮੈਂ ਸ਼ੀਸ਼ੇ ਵਾਂਗ,
ਹਰ ਪੱਥਰ - ਦਿਲ ਮਨ ਹੀ ਮਨ ਵਿਚ ਮੁਸਕਾਇਆ।

ਚੁਭ ਚੁਭ ਜਾਂਦੇ ਕੰਡਿਆਂ ਨੂੰ ਕੀ ਦੇਈਏ ਦੋਸ਼,
ਸਾਨੂੰ ਤਾਂ ਖ਼ੁਸ਼ਬੂਆਂ ਨੇ ਵੀ ਤੜਪਾਇਆ।

ਹਾੜਾ! ਇਹ ਨਾ ਦਸਿਓ ਮੇਰੇ ਹਾਣੀ ਨੂੰ,
ਮੁਕ ਚਲਿਆ ਏ ਹੰਝੂਆਂ ਦਾ ਵੀ ਸਰਮਾਇਆ।

ਭੋਰਾ ਭਰ ਸੀ ਜਿੰਦ ਟਟਹਿਣੇ ਦੀ ਐਪਰ,
ਉਸ ਨੇ ਅਪਣਾ ਰਾਹ ਸੀ ਆਪੇ ਰੁਸ਼ਨਾਇਆ।

ਖ਼ੂਨ ਜਿਗਰ ਦਾ ਪਾਕੇ "ਦੀਪ" ਜਗਾਵਾਂ ਰੋਜ਼,
ਤਾਂ ਜੋ ਘੁੱਪ - ਹਨੇਰਾ ਜਾਵੇ ਰੁਸ਼ਨਾਇਆ।

## (ਛਪੰਜਾ)

ਚੱਲੀ ਗੱਲ ਜ਼ਮੀਰਾਂ ਦੀ॥
ਨਿਕਲੀ ਖਿੱਦੋ ਲੀਰਾਂ ਦੀ॥

ਗੱਲ ਏਥੇ ਹੀ ਰਹਿਣ ਦਿਓ,
ਖ਼ਾਬਾਂ ਦੀ, ਤਾਬੀਰਾਂ ਦੀ॥

ਮਰ ਕੇ ਵੀ ਤਾਂ ਬੰਦੇ ਨੂੰ,
ਲੋੜ ਹੈ ਚਾਰ ਸਰੀਰਾਂ ਦੀ॥

ਅਜ ਕਲ ਸੁਪਣਾ ਲਗਦੀ ਹੈ,
ਪਾਕ ਮੁਹੱਬਤ ਹੀਰਾਂ ਦੀ॥

ਕਾਤਿਲ ਪੁੱਛੇ ਹਾਲ ਮਿਰਾ,
ਕਰ ਕੇ ਛਾਂ ਸਮਸ਼ੀਰਾਂ ਦੀ॥

ਕਦਰ ਕਲਾ ਦੀ ਜਾਣੇ ਕੌਣ,
ਵਾਹ ਵਾਹ ਹੈ ਜਾਗੀਰਾਂ ਦੀ॥

ਕੀਕਣ ਸਮਝੇ ਸਿਧਰਾ "ਦੀਪ"
ਬੋਲੀ ਚੁੱਪ - ਤਸਵੀਰਾਂ ਦੀ॥

(ਸਤਵੰਜਾ)

ਹਰ ਵੇਲੇ ਰੁਸ਼ਨਾਈ ਰੱਖੇ, ਰੂਹ ਮੇਰੀ ਨੂੰ ਜੋ।
ਉਹ ਹੈ ਦਿਲ ਦੇ ਫੁੱਲਾਂ ਵਰਗੇ ਜ਼ਖ਼ਮਾਂ ਦੀ ਖ਼ੁਸ਼ਬੋ।

ਮੰਨਿਆਂ ਵਖਰੇ ਵਖਰੇ ਫ਼ਿਰਕੇ, ਵਖਰੀ ਵਖਰੀ ਸੋਚ,
ਪਰ ਨਾ ਕਿਸੇ ਵੀ ਫ਼ਿਰਕੇ ਦੇ ਵਿਚ ਰੰਗ ਲਹੂ ਦੇ ਦੋ।

ਕਿਹੜੀ ਮੁਸ਼ਕਲ ਐਸੀ ਹੈ ਜੋ ਹੋ ਨਈਂ ਸਕਦੀ ਹੱਲ,
ਬਹਿ ਕੇ ਜੇ ਤਰਕੀਬ ਬਣਾਈਏ, ਬਣ ਹੀ ਜਾਂਦੈ ਢੋ।

ਸੂਰਜ ਚੜ੍ਹ ਆਇਆ ਹੈ ਸਚ-ਮੁਚ, ਝੂਠ ਨਹੀਂ ਹੈ, ਦੇਖ!
ਦਰਵਾਜ਼ੇ ਦੀ ਝੀਥ 'ਚੋਂ ਅੰਦਰ ਲੰਘ ਆਈ ਹੈ ਲੋ।

ਅਗਰ ਮਨੁੱਖਤਾ ਨਾਲ ਤੇਰੀ ਵੀ ਸਾਂਝ ਹੈ ਮੇਰੇ ਵਾਂਗ,
ਵਖਰਾ ਵਖਰਾ ਕਿਉਂ ਰਹਿੰਨਾਂ ਏਂ, ਮੇਰੇ ਨਾਲ ਖਲੋ।

ਬਿਨਾਂ ਮੁਕਦਮੇਂ ਲੱਗੂ ਫਾਂਸੀ, ਰੱਖੀਂ ਏਨਾ ਯਾਦ,
ਸਚ ਬੋਲਣ ਦੀ ਜੇ ਸਰਕਾਰੇ ਪਹੁੰਚ ਗਈ ਕਨਸੋ।

ਜਿੱਥੇ ਜਾ ਕੇ ਭੁੱਲ ਜਾਂਦੇ ਸੀ, ਕੀ ਦੁਨੀਆਂ ਕੀ ਦੀਨ,
ਕਿੱਥੇ ਛਡ ਆਏ ਹਾਂ ਆਪਾਂ ਉਹ ਇਤਰਾਂ ਦੇ ਚੋ।

ਅੰਦਰਲੇ ਪਾਸੇ ਦਾ ਕੂੜਾ - ਕਰਕਟ ਦਿੱਸੇ ਕਿੰਝ,
ਬਾਹਰੋਂ ਜੋ ਹੈ ਪੋਚਾ - ਪਾਚੀ ਤੇ ਅੰਤਾਂ ਦੀ ਸ਼ੋ।

ਜਿਸ ਹਾਕਮ ਨੂੰ ਲਾਸ਼ਾਂ ਉੱਤੋਂ ਲੰਘਦਿਆਂ ਆਵੇ ਖ਼ੌਫ਼,
ਉਸ ਹਾਕਮ ਦੀ ਰਹੈ ਹਕੂਮਤ ਘੜੀਆਂ ਇਕ ਜਾਂ ਦੋ।

ਜਿਸ ਦਿਨ ਦਾ ਸ਼ਾਹਾਂ ਦੇ ਘਰ ਤੋਂ ਹੋ ਕੇ ਆਇਐ "ਦੀਪ",
ਓਸੇ ਦਿਨ ਤੋਂ ਉਸ ਨੂੰ ਸਾਡੇ ਤੋਂ ਆਉਂਦੀ ਹੈ ਬੋ ?।

## (ਅਠਵੰਜਾ)

ਇਕ ਉਹ ਵੀ ਨੇ ਜੀਹਨਾਂ ਨੇ ਜੂੜੇ 'ਚ ਸਜਾਏ ਫੁੱਲ।
ਇਕ ਉਹ ਵੀ ਨੇ ਜੀਹਨਾਂ ਦੇ ਹਿੱਸੇ 'ਚ ਨ ਆਏ ਫੁੱਲ।

ਤਕਣੀ ਕਿਸੇ ਚੰਦਰੇ ਦੀ ਖੋਹ ਸੁੱਟੇ ਨ ਡਾਲੀ ਤੋਂ,
ਚਿੰਤਾ 'ਚ ਰਹੇ ਮਾਲੀ ਕਿਸ ਬਿਧ ਉਹ ਬਚਾਏ ਫੁੱਲ।

ਜੇ ਉਸ ਨੂੰ ਸਜ਼ਾ ਦਿੱਤੀ, ਤਾਂ ਇਹ ਵੀ ਨਿਰਖ ਕਰਨਾ,
ਕੀ ਸੋਚ ਕੇ ਉਸ ਏਦਾਂ ਪੈਰਾਂ 'ਚ ਰੁਲਾਏ ਫੁੱਲ।

ਉਹ ਜਿਸਮ ਵੀ ਸੁਕਦਾ ਹੈ ਹੁਣ ਓਸੇ ਤਰ੍ਹਾਂ, ਜੀਕਣ
ਉਸ ਪਿਆਰ-ਨਿਸ਼ਾਨੀ ਦੇ ਪੁਸਤਕ 'ਚ ਸੁਕਾਏ ਫੁੱਲ।

ਪੈਰਾਂ ਦੀਆਂ ਤਲ਼ੀਆਂ ਨੂੰ ਜੇ ਧਰਤ ਵੀ ਚੁਭਦੀ ਹੈ,
ਕੀ ਲੋੜ, ਕੋਈ ਉਸ ਦੇ ਕਦਮਾਂ 'ਚ ਵਿਛਾਏ ਫੁੱਲ।

ਟੁੰਬਦੀ ਹੈ ਮਹਿਕ ਜਦ ਵੀ, ਇਕ ਸੋਚ ਇਵੇਂ ਉਭਰੇ,
ਕੰਡਿਆਂ 'ਚ ਹੀ ਕੁਦਰਤ ਕਿਉਂ ਹਰ ਰੋਜ਼ ਖਿੜਾਏ ਫੁੱਲ।

ਫੁੱਲਾਂ ਜਿਹੇ ਜਿਸਮਾਂ ਦੀ ਬੇ - ਕਦਰੀ ਜਦੋਂ ਵੇਖੀ,
ਤਾਂ "ਦੀਪ" ਨ ਰਹਿ ਸਕਿਆ, ਉਠਿਆ ਤੇ ਉਠਾਏ ਫੁੱਲ।

## (ਉਨਾਹਠ)

ਭਾਵੇਂ ਕੰਧਾਂ ਉੱਤੇ ਰੋਗਨ ਹਸਦੇ ਨੇ।
ਟੁੱਟੇ ਬੂਹੇ ਘਰ ਦੀ ਹਾਲਤ ਦਸਦੇ ਨੇ।

ਕੌਣ ਕਹੇ ਬੱਦਲਾਂ ਨੂੰ ਏਥੇ ਵਸ ਜਾਓ,
ਏਥੇ ਵੀ ਕੁਝ ਪਿਆਸੇ ਪੰਛੀ ਵਸਦੇ ਨੇ।

ਜਦ ਚਾਹੁਣਗੇ ਉੱਡਾਂਗੇ ਮੈਂ ਗੁੱਡੀ ਵਾਂਗ,
ਏਹੋ ਸੋਚ ਉਹ ਰੋਜ਼ ਤੜਾਵਾਂ ਕਸਦੇ ਨੇ।

ਢੂੰਡ ਰਹੇ ਨੇ ਗਿਰਝਾਂ ਵਾਂਗੂੰ ਫੁੱਲਾਂ ਨੂੰ,
ਸੁਣਿਆਂ ਸੀ ਕਿ ਭੌਰ ਪਿਆਸੇ ਰਸਦੇ ਨੇ।

ਸ਼ਾਮ ਢਲੀ ਤੋਂ ਘਰ ਨੂੰ ਮੁੜਦੇ ਥਿੜਕਣ ਕਿਉਂ,
ਪੈਰ ਦਿਨੇ ਜੋ ਕਾਰ ਬਰੋਬਰ ਨਸਦੇ ਨੇ।

ਜਿੱਦਾਂ ਡੱਸੇ ਅਜ-ਕਲ ਬੰਦਾ ਬੰਦੇ ਨੂੰ,
ਕੀ ਨਾਗਾਂ ਨੂੰ ਨਾਗ ਵੀ ਏਦਾਂ ਡਸਦੇ ਨੇ।

ਮੁੜ ਮੁੜ ਪੌਣਾਂ ਦੇ ਬੁੱਲੇ ਇਹ ਦੱਸਣ "ਦੀਪ",
ਸਾਡੀ ਹਾਲਤ ਉੱਤੇ ਖੰਡਰ ਹਸਦੇ ਨੇ।

(ਸੱਠ)

ਜ਼ਾਲਿਮ ਨੂੰ ਫ਼ਰਿਆਦ ਕਰਾਂ?
ਕਿਉਂ ਜੀਵਨ ਬਰਬਾਦ ਕਰਾਂ॥

ਥੋੜਾਂ ਰੋਜ਼ ਇਸ਼ਾਰਾ ਦੇਣ,
ਵੇਲੇ ਨੂੰ ਉਸਤਾਦ ਕਰਾਂ॥

ਅਪਣਾ ਆਪ ਉਜਾੜਾਂ ਜੇ,
ਕਿਸ ਕਿਸ ਨੂੰ ਆਬਾਦ ਕਰਾਂ॥

ਅਪਣੇ ਕੌਣ, ਬਿਗ਼ਾਨੇ ਕੌਣ,
ਕਿਉਂ ਮੈਂ ਵਾਦ-ਵਿਵਾਦ ਕਰਾਂ॥

ਅੱਖਾਂ ਭਾਵੇਂ ਚੰਚਲ ਰਹਿਣ,
ਮਨ ਨੂੰ ਸਾਦ ਮੁਰਾਦ ਕਰਾਂ॥

ਆਉਂਦੇ ਪਲ਼ ਦੀ ਸੇਧ ਲਈ,
ਬੀਤੇ ਪਲ਼ ਵੀ ਯਾਦ ਕਰਾਂ॥

"ਦੀਪ" ਮੈਂ ਜੀਵਨ-ਪੁਸਤਕ ਦਾ,
ਕਿਸ ਪੰਨੇ ਤੋਂ ਆਦ ਕਰਾਂ॥

(ਇਕਾਹਠ)

ਮੁਸ਼ਕਿਲ 'ਚ ਜਦੋਂ ਵੇਖੇਂਗਾ, ਟਲ ਜਾਏਂਗਾ ਤੂੰ ਵੀ।
ਹਾਲਾਤ ਜੇ ਬਦਲੇ ਤਾਂ ਬਦਲ ਜਾਏਂਗਾ ਤੂੰ ਵੀ।

ਬਦਨੀਤੀ ਲੁਕੀ ਹੁੰਦੀ ਏ ਹਮਦਰਦੀ 'ਚ ਅਕਸਰ,
ਪਰ, ਕਹੀਏ ਕਿਵੇਂ ਕਲੀਆਂ ਮਸਲ ਜਾਏਂਗਾ ਤੂੰ ਵੀ

ਨਿਤ-ਦਿਨ ਕਹੇ ਕੰਨਾਂ 'ਚ ਮਿਰੇ ਕੌਣ ਇਹੀ ਗੱਲ,
ਸੀਨੇ 'ਚ ਤਿਰੇ ਅੱਗ ਹੈ, ਜਲ ਜਾਏਂਗਾ ਤੂੰ ਵੀ।

ਕਿਸ ਦਿਲ 'ਚ ਨਹੀਂ ਹੁੰਦੀ ਤੜਪ ਸੋਹਣਿਆਂ ਖ਼ਾਤਿਰ,
ਹੋਇਆ ਜੇ ਕਿਤੇ ਮੇਲ ਮਚਲ ਜਾਏਂਗਾ ਤੂੰ ਵੀ

ਮਰਘਟ 'ਚ ਨੇ ਸਭ ਇੱਕੋ ਜਿਹੇ, ਫਰਕ ਨਹੀਂ "ਦੀਪ",
ਵਾਰੀ ਜਦੋਂ ਆਈ ਤਿਰੀ ਜਲ ਜਾਏਂਗਾ ਤੂੰ ਵੀ

(ਬਾਹਠ)

ਹਰ ਦਿਲ ਅੰਦਰ ਪੋਲ ਜਿਹੀ ਹੈ।
ਸਭ ਦੀ ਹਾਲਤ ਢੋਲ ਜਿਹੀ ਹੈ।

ਤੇਰੀ - ਮੇਰੀ ਸੋਚਣ - ਸ਼ਕਤੀ,
ਖੂਹ ਤੇ ਖਾਲੀ ਡੋਲ ਜਿਹੀ ਹੈ।

ਅਜ-ਕਲ ਹਰ ਥਾਂ, ਹਰ ਸੂਰਤ ਹੀ,
ਸੋਹਣੇ, ਸੁੰਦਰ ਖੋਲ ਜਿਹੀ ਹੈ।

ਉਠਿਆ ਏ ਤੂਫ਼ਾਨ ਕੋਈ ਤਾਂ,
ਕਿਸ਼ਤੀ ਡਾਵਾਂ - ਡੋਲ ਜਿਹੀ ਹੈ।

ਅਜ ਦੀ ਹਲਾਤ ਗੁੱਡੀ ਦੇ ਸੰਗ,
ਉਡਦੇ ਇਕ ਚੰਡੋਲ ਜਿਹੀ ਹੈ।

ਕਿਧਰ ਮੋਈ ਜੂਝਣ - ਸ਼ਕਤੀ,
ਹਰ ਥਾਂ ਟਾਲਮ-ਟੋਲ ਜਿਹੀ ਹੈ।

ਸੱਚੀ ਗੱਲ ਤਾਂ ਸਭ ਦੀ ਖ਼ਾਤਿਰ,
ਵਿਹੁ ਦੇ ਕੌੜੇ ਘੋਲ ਜਿਹੀ ਹੈ।

ਚਿਹਰੇ ਦੀ ਹਰ ਝੁਰੜੀ ਜੀਕਣ,
ਜੀਵਨ ਦੀ ਪੜਚੋਲ ਜਿਹੀ ਹੈ।

"ਦੀਪ" ਤਿਰੀ ਹਰ ਗੱਲ ਤੋਂ ਲਗਦੈ,
ਕਿਧਰੇ ਕੋਈ ਝੋਲ ਜਿਹੀ ਹੈ।

(ਤ੍ਰੇਹਠ)

ਜੀ ਚਾਹੁੰਦੈ, ਮੈਂ ਵੀ ਵਣਜਾਰਾ ਹੋ ਜਾਵਾਂ।
ਜੋਗਣ ਦੀ ਲਿਟ ਵਾਂਗ ਅਵਾਰਾ ਹੋ ਜਾਵਾਂ।

ਡੁਬ ਜਾਵਾਂ ਤਲ ਤੀਕਰ ਗ਼ਮ ਦੇ ਸਾਗਰ ਵਿਚ,
ਪਾ ਜਾਵਾਂ ਥਾਹ ਗ਼ਮ ਦੀ, ਨਿਆਰਾ ਹੋ ਜਾਵਾਂ।

ਜੀਵਨ ਤਾਂ ਦਰਿਆ ਦਾ ਵਹਿੰਦਾ ਪਾਣੀ ਹੈ,
ਮੈਂ ਕੀਕਣ ਚੁਪ-ਚਾਪ ਕਿਨਾਰਾ ਹੋ ਜਾਵਾਂ।

ਹਰ ਹੋਣੀ ਦੀ ਤਿਊੜੀ ਹਸ ਕੇ ਚੁੰਮਾਂਗਾ,
ਜਿਉਂਦੇ ਜੀ ਹੀ ਕਿਉਂ ਬੇ-ਚਾਰਾ ਹੋ ਜਾਵਾਂ।

ਇਕ ਪਲ਼ ਤਾਂ ਹੋ ਜਾਵਾਂ ਸਾਗਰ ਵਾਂਗ ਵਿਸ਼ਾਲ,
ਇਕ ਪਲ਼ ਖਿੰਡ ਕੇ ਪਾਰਾ ਪਾਰਾ ਹੋ ਜਾਵਾਂ।

ਕਾਲੀ ਰਾਤ ਦੇ ਵਰਗੀ ਤੇਰੀ ਚੁੰਨੀ ਤੇ,
ਖਿੱਲਰ ਜਾਂ ਮੈਂ ਤਾਰਾ ਤਾਰਾ ਹੋ ਜਾਵਾਂ।

ਇੱਕੋ ਇਕ ਹੈ ਸੱਧਰ ਮੇਰੇ ਦਿਲ ਦੀ "ਦੀਪ",
ਬੰਦਾ ਬਣ,ਬੰਦੇ ਨੂੰ ਪਿਆਰਾ ਹੋ ਜਾਵਾਂ।

(ਚੌਹਠ)

ਚੜ੍ਹਦੇ ਸੂਰਜ ਦੀ ਜਦੋਂ ਝਿਲਮਿਲ ਨੂੰ ਸਾਹਵੇਂ ਦੇਖਦਾਂ।
ਇਕ ਨਵਾਂ ਰਸਤਾ, ਨਵੀਂ ਮੰਜ਼ਿਲ ਨੂੰ ਸਾਹਵੇਂ ਦੇਖਦਾਂ।

ਸ਼ੇਖ਼ ਦੇ ਸਭ ਫ਼ਲਸਫ਼ੇ ਝੂਠੇ ਜਿਹੇ ਲਗਦੇ ਨੇ ਤਦ,
ਜਦ ਮੈਂ ਰਿੰਦਾਂ ਦੀ ਕਿਸੇ ਮਹਿਫ਼ਿਲ ਨੂੰ ਸਾਹਵੇਂ ਦੇਖਦਾਂ।

ਸੋਚਦਾਂ ਰਬ ਕਰ ਦਿਆਂ ਜਾਂ, ਕਰ ਦਿਆਂ ਲਾਂਭੇ ਇਨੂੰ,
ਰਾਹ 'ਚ ਮੇਰੇ ਆ ਗਈ ਇਕ ਸਿਲ ਨੂੰ ਸਾਹਵੇਂ ਦੇਖਦਾਂ।

ਮੁਸ਼ਕਿਲਾਂ ਨੇ ਆਪ ਹੀ ਮੇਰਾ ਵਧਾਇਆ ਹੌਸਲਾ,
ਚਾਉ ਚੜ੍ਹਦਾ ਏ ਜਦੋਂ ਮੁਸ਼ਕਿਲ ਨੂੰ ਸਾਹਵੇਂ ਦੇਖਦਾਂ।

ਬੇ-ਵਫ਼ਾ ਆਖਣ ਦਾ ਉਸ ਨੂੰ ਕਿਸ ਤਰ੍ਹਾਂ ਹੀਆ ਕਰਾਂ,
ਓਸਦੇ ਨੈਣਾਂ 'ਚੋਂ ਅਪਣੇ ਦਿਲ ਨੂੰ ਸਾਹਵੇਂ ਦੇਖਦਾਂ।

ਯਾਰ ਦੇ ਮੁਖ ਨੂੰ ਸੁਹੱਪਣ ਹੋਰ ਵੀ ਜਿਸ ਬਖ਼ਸ਼ਿਐ,
ਗੱਲ੍ਹ ਤੇ ਲੱਗੇ ਉਹ ਕਾਲੇ ਤਿਲ ਨੂੰ ਸਾਹਵੇਂ ਦੇਖਦਾਂ।

ਜਾਪਦੀ ਏ ਮੌਤ ਮੇਰੀ ਹੋਰ ਵੀ ਨਜ਼ਦੀਕ ਹੁਣ,
ਹਾਲ ਪੁੱਛਣ ਆ ਗਏ ਕਾਤਿਲ ਨੂੰ ਸਾਹਵੇਂ ਦੇਖਦਾਂ।

ਗ਼ਮ ਨਹੀਂ ਮੈਨੂੰ ਮਿਰੀ ਉਜੜੀ ਹੋਈ ਦੁਨੀਆਂ ਦਾ "ਦੀਪ",
ਯਾਰ ਦੀ ਵਸਦੀ ਹੋਈ ਸਰਦਿਲ ਨੂੰ ਸਾਹਵੇਂ ਦੇਖਦਾਂ।

## (ਪੈਂਹਠ)

ਜਿਉਂਦੇ ਜੀ ਮਨ ਨੂੰ ਮਾਰਿਆ ਨ ਗਿਆ।
ਤੈਨੂੰ ਤਾਂ ਹੀ ਵਿਸਾਰਿਆ ਨ ਗਿਆ।

ਇਸ਼ਕ ਛੁਪਦਾ ਨਹੀਂ ਛੁਪਾਏ ਤੋਂ,
ਇਸ਼ਕ ਵਿਚ ਇਹ ਵਿਚਾਰਿਆ ਨ ਗਿਆ।

ਫ਼ਿਕਰ ਹੈ ਕਿਉਂ ਇਹੋ ਹੀ ਯਾਰਾਂ ਨੂੰ,
ਸਾਥੋਂ ਅੱਗਾ ਸਵਾਰਿਆ ਨ ਗਿਆ।

ਦੇਖਿਆ ਹੈ ਜਦੋਂ ਦਾ ਸ਼ੀਸ਼ਾ ਮੈਂ,
ਦੂਜਿਆਂ ਨੂੰ ਨਕਾਰਿਆ ਨ ਗਿਆ।

ਬਣ ਗਿਆ ਹੈ ਜਦੋਂ ਦਾ ਦਿਲ ਫ਼ੱਕਰ,
ਕੋਈ ਵੀ ਦੁਖ ਚਿਤਾਰਿਆ ਨ ਗਿਆ।

ਪਿੰਡੋਂ ਬਾਹਰ ਨੇ ਸਭ ਸਿਵੇ ਬੇਸ਼ਕ,
ਪਰ ਇਨ੍ਹਾਂ ਬਾਝੋਂ ਸਾਰਿਆ ਨ ਗਿਆ।

"ਦੀਪ" ਮਿੱਟੀ ਦੇ ਭਾਅ ਮਿਲੇ ਦੀਵੇ,
ਮੁੱਲ ਚਾਨਣ ਦਾ ਤਾਰਿਆ ਨ ਗਿਆ।

## (ਛਿਆਹਠ)

ਬੇ - ਸ਼ਕ ਮੇਰੇ ਬੁੱਲਾਂ ਉੱਤੇ ਹਾਸਾ ਹੈ।
ਐਪਰ ਇਹ ਤਸਵੀਰ ਦਾ ਇੱਕੋ ਪਾਸਾ ਹੈ।

ਪਿਆਸੇ ਲਈ ਸਮੁੰਦਰ ਵੀ ਹੈ ਮਾਰੂਥਲ,
ਜੇਕਰ ਏਥੇ ਆ ਕੇ ਵੀ ਉਹ ਪਿਆਸਾ ਹੈ।

ਗੂੜ੍ਹਾ ਨ੍ਹੇਰਾ ਚੀਰ ਕੇ ਲੰਘਦੀ ਕਿਰਨ ਕੋਈ,
ਜੀਵਨ ਦੇ ਲਈ ਇਕ ਭਰਪੂਰ ਦਿਲਾਸਾ ਹੈ।

ਸੋਚ ਅਸਾਡੀ ਉੱਚੀ ਸੁੱਚੀ ਮਹਿਲਾਂ ਤੋਂ,
ਕੀ ਹੋਇਆ ਜੇ ਫੁੱਟ-ਪਾਥ ਤੇ ਵਾਸਾ ਹੈ।

ਆਵੇ ਜੇ ਹਮਦਰਦ ਕੋਈ ਤਾਂ ਕਹਿ ਦੇਣਾ,
ਕੀ ਹੋਇਆ ਹੈ "ਦੀਪ" ਨੂੰ ਅੱਛਾ-ਖ਼ਾਸਾ ਹੈ।

(ਸਤਾਹਠ)

ਖ਼ਵਰੇ ਕਿਸ ਦਾ ਗੀਤ ਪਲੇਠਾ ਮੋਇਆ ਹੈ।
ਢੋ ਕੇ ਬੂਹੇ ਪਲ਼ਕਾਂ ਦੇ ਦਿਲ ਰੋਇਆ ਹੈ।

ਪੀੜਾਂ ਚੱਲ ਕੇ ਆਈਆਂ ਕਿਸ ਦੀ ਖ਼ਬਰ ਲਈ,
ਬਿਹਰਾ ਨੇ ਉਠ ਤੇਲ ਬਰੂੰਹੀਂ ਚੋਇਆ ਹੈ।

ਪੁੱਛ ਨ ਮੇਰੀ ਹਾਲਤ ਮੇਰੇ ਚਿਹਰੇ ਤੋਂ,
ਇਹ ਕੀ ਦੱਸੂ, ਕੀ ਪਾਇਆ ਕੀ ਖੋਇਆ ਹੈ।

ਖੁੱਲਣੀਆਂ ਸਨ ਅੱਖਾਂ ਸੁਪਨਾ ਟੁਟਣਾ ਸੀ,
ਏਹੋ ਆਖ਼ਿਰ ਹੋਣਾ ਸੀ, ਜੋ ਹੋਇਆ ਹੈ।

ਵੇਖ ਕਰਿਸ਼ਮਾ, ਸੜਦੇ ਬਲਦੇ ਸੂਰਜ ਨੂੰ,
ਮੈਂ ਸ਼ੀਸ਼ੇ ਦੇ ਟੁਕੜੇ ਵਿਚ ਸਮੋਇਆ ਹੈ।

ਚਿੱਟੀ-ਦੁੱਧ ਗ਼ਜ਼ਲ ਨੇ ਆਖ਼ਿਰ ਕਹਿ ਦਿੱਤਾ,
ਤੈਥੋਂ, ਤੇਰੇ ਵਿਚਲਾ ਕਵੀ ਨਰੋਇਆ ਹੈ।

ਕਿਸ ਨੂੰ ਜਾ ਕੇ ਦਿਲ ਦਾ ਹਾਲ ਸੁਣਾਵੇ "ਦੀਪ",
ਅਪਣੇ ਆਪ 'ਚ ਹਰ ਇਕ ਟੁਟਿਆ ਹੋਇਆ ਹੈ।

## (ਅਠਾਹਠ)

ਝੁਲਸ ਗਈ ਫੁੱਲਾਂ ਦੇ ਪਿੰਡੇ ਤਪਦੀ ਲੂ।
ਹੰਝੂ ਹੰਝੂ ਹੋਈ ਜੰਗਲ ਵਿਚ ਖ਼ੁਸ਼ਬੂ।

ਕੀਕਣ ਬੈਠਾਂਗਾ 'ਨ੍ਹੇਰੇ ਵਿਚ ਅੰਨਿਆਂ ਵਾਂਗ,
ਜੇਕਰ ਮਨ ਦਾ ਲੂੰ ਲੂੰ ਦੀਵੇ ਵਾਂਗ ਬਲੂ।

ਜਦ ਮੇਰੇ ਸੁਪਨੇ ਦਾ ਝਟਕਾ ਹੰਦਾ ਹੈ,
ਮੇਰੇ ਅੰਦਰੋਂ ਨਿਕੱਲ ਜਾਂਦੈ, 'ਵਾਹ-ਗੁਰੂ'।

ਢਲਦੀ ਸ਼ਾਮ ਤੇ ਕਿਸ ਕੀਤੈ ਨੇਜ਼ੇ ਦਾ ਵਾਰ,
ਸਾਰਾ ਅੰਬਰ ਹੋਇਆ ਦਿੱਸੇ ਲਹੂ ਲਹੂ।

ਚੜ੍ਹਦੇ ਚੰਨ ਨੂੰ ਕੋਠੇ ਚੜ੍ਹ ਚੜ੍ਹ ਵੇਖਣ ਲੋਕ,
ਮੈਂ ਵੇਖਾਂਗਾ, ਜਦ ਕੋਠੇ ਤੇ ਚੰਨ ਚੜੂ।

ਅਪਣੇ ਅਪਣੇ ਅੰਦਰ ਝਾਤੀ ਮਾਰੋ ਯਾਰ,
ਗੱਲੀਂ ਬਾਤੀਂ ਕੀਕਣ ਤੇ ਕਦ ਤੀਕ ਸਰੂ।

ਅਪਣਾ ਆਪਾ ਕੱਖਾਂ ਵਿਚ ਲਕੋਇਐ ਤਾਂ,
ਕਿਧਰੇ ਕੋਈ ਚੰਗਿਆੜੀ ਨਾ ਜਾਵੇ ਛੂ।

ਜੇ ਕਰ ਜਿਊਂਦੈ ਸਚ ਮੁਚ ਬੰਦਾ ਬੰਦੇ ਵਿਚ,
ਕਿਉਂ ਬੰਦੇ ਨੂੰ ਬੰਦੇ ਤੋਂ ਆਵੇ ਬਦ-ਬੂ।

## (ਉਨੱਤਰ)

ਕਿਸੇ ਨੇ ਪੱਬਾਂ ਦੇ ਭਾਰ ਆਉਂਣਾ ਸੀ।
ਤੜਪਦੇ ਦਿਲ ਨੂੰ ਕਰਾਰ ਆਉਂਣਾ ਸੀ।

ਖ਼ੁਦਾ ਨੂੰ ਬੇਸ਼ਕ ਨ ਯਾਦ ਰਖਦੇ ਤੁਸੀਂ,
ਖ਼ੁਦੀ ਨੂੰ ਐਪਰ ਵਿਸਾਰ ਆਉਂਣਾ ਸੀ।

ਅਸੀਂ ਹਾਂ ਪਤਝੜ ਤੁਸਾਂ ਲਈ ਜੇ ਕਰ,
ਤੁਸੀਂ ਤਾਂ ਬਣ ਕੇ ਬਹਾਰ ਆਉਂਣਾ ਸੀ।

ਨ ਕੋਈ ਅਪਣਾ ਨ ਗ਼ੈਰ ਹੈ ਏਥੇ,
ਤੁਸੀਂ ਮੁਖੌਟਾ ਉਤਾਰ ਆਉਂਣਾ ਸੀ।

ਜੇ "ਦੀਪ" ਵਾਗੂੰ ਹੀ ਦਿਲ ਜਲਾ ਲੈਂਦੇ,
ਅਸੀਂ ਵੀ ਚਾਨਣ ਖਿਲਾਰ ਆਉਂਣਾ ਸੀ।

(ਸੱਤਰ)

ਫ਼ੱਕਰਾਂ ਵਾਂਗ ਜੋ ਹੋਣੀ ਨੂੰ ਵੀ, ਹਸ ਕੇ ਟਿੱਚਰ ਕਰ ਜਾਂਦੇ।
ਕਦੇ ਕਦੇ ਕਿਉਂ ਅਪਣੇ ਹੀ, ਪਰਛਾਵੇਂ ਕੋਲੋਂ ਡਰ ਜਾਂਦੇ।

ਕਦ ਮੰਗਦਾ ਸਾਂ ਹਮਦਰਦਾਂ ਤੋਂ, ਹੀਰੇ ਮੋਤੀ ਸੋਨਾ,
ਮੇਰੀ ਤਲੀ ਤੇ ਭਾਵੇਂ ਉਹ ਇਕ, ਕੋਸਾ ਹੰਝੂ ਧਰ ਜਾਂਦੇ।

ਕੀਕਣ ਪਾਉਂਦੇ ਉੱਚਾ ਰੁਤਬਾ, ਸੋਹਣੀ ਵਾਂਗੂੰ ਉਹ ਜਗ ਤੇ,
ਕਣ ਕਣ ਹੋ ਕੇ ਖਿੰਡ ਜਾਂਦੇ ਜੋ, ਕੱਚੇ ਵਾਂਗੂੰ ਖ਼ਰ ਜਾਂਦੇ।

ਕੁਝ ਮੈਨੂੰ ਵੀ ਦਸ ਖਾਂ ਐਸੀ, ਕਿਹੜੀ ਚੁੰਬਕ ਤੇਰੇ ਕੋਲ,
ਤੇਰੇ ਹੋ ਕੇ ਰਹਿ ਜਾਂਦੇ ਨੇ, ਜੋ ਵੀ ਤੇਰੇ ਦਰ ਜਾਂਦੇ।

ਅੰਬਰ ਵਾਂਗ ਵਿਸ਼ਲ ਸਮੁੰਦਰ ਕੂਜ਼ੇ ਵਾਂਗੂੰ ਸਮਝਣ ਉਹ,
ਜਾਨ ਤਲੀ ਤੇ ਧਰ ਕੇ ਜਿਹੜੇ ਨੈਣ-ਸਰਾਂ ਨੂੰ ਤਰ ਜਾਂਦੇ।

ਜ਼ਖ਼ਮ ਮਿਲੇ ਦੁਨੀਆਂ ਤੋਂ ਹਸ ਕੇ, ਸੀਨੇ ਵਿੱਚ ਛੁਪਾ ਲੈ "ਦੀਪ",
ਫੁੱਲ ਮੁਸਕਾਕੇ ਜਿਉਂ ਕੰਡਿਆਂ ਵਿਚ, ਸੈਆਂ ਚੋਭਾਂ ਜਰ ਜਾਂਦੇ।

## (ਇਕਹੱਤਰ)

ਡਿਗਦੀ ਢਹਿੰਦੀ ਤੇ ਸੰਭਲਦੀ, ਠੇਡੇ ਖਾਂਦੀ ਜ਼ਿੰਦਗੀ।
ਜੀਣ ਖ਼ਾਤਿਰ ਹੌਂਸਲਾ ਆਪੇ ਵਧਾਂਦੀ ਜ਼ਿੰਦਗੀ।

ਰੂਹ ਮਿਰੀ ਪਿਆਸੀ ਤੜਪ ਉੱਠੀ ਜਦੋਂ, ਤਾਂ ਜਾਣਿਆਂ,
ਕਿਉਂ ਸਮੁੰਦਰ ਤੇ ਸਮੁੰਦਰ, ਡੀਕ ਜਾਂਦੀ ਜ਼ਿੰਦਗੀ।

ਲੀੜਿਆਂ ਦੇ ਵਿੱਚ ਵੀ, ਬੇ-ਪਰਦ ਲਗਦੀ ਹੈ ਸਦਾ,
ਦਿਲ ਜਲੇ ਦੀਵਾਨਿਆਂ ਦੀ, ਆਸ਼ਕਾਂ ਦੀ ਜ਼ਿੰਦਗੀ।

ਉਮਰ ਲੰਬੀ ਬਖ਼ਸ਼ ਨਾ, ਮੈਨੂੰ ਮਿਰੇ ਪ੍ਰਮਾਤਮਾ,
ਜੀਣ ਖ਼ਾਤਿਰ ਬਹੁਤ ਹੈ ਬਸ, ਕੁਝ ਪਲਾਂ ਦੀ ਜ਼ਿੰਦਗੀ।

ਐ ਦਿਲਾ, ਇਉਂ ਮੁਸਕੁਰਾਉਣਾਂ ਸਿੱਖ ਹਰ ਦਮ, ਜਿਸ ਤਰ੍ਹਾਂ,
ਕੰਡਿਆਂ ਵਿਚ ਫੁੱਲ ਬਣਕੇ, ਮੁਸਕੁਰਾਂਦੀ ਜ਼ਿੰਦਗੀ।

ਮੌਤ ਨੂੰ ਵੀ ਮੌਤ ਆ ਜਾਂਦੀ ਏ ਯਾਰੋ, ਉਸ ਘੜੀ,
ਜਿਸ ਘੜੀ ਹਸ ਕੇ ਤਲੀ ਤੇ ਸਿਰ ਟਿਕਾਂਦੀ ਜ਼ਿੰਦਗੀ।

ਇਸ਼ਕ ਦੀ ਤਸਵੀਰ ਨੂੰ ਸੀ ਕਰ ਗਈ ਕੁਝ ਹੋਰ ਸ਼ੋਖ਼,
ਠਿੱਲ ਕੱਚੇ ਤੇ ਝਨ੍ਹਾਂ ਤੋਂ ਪਾਰ ਜਾਂਦੀ ਜ਼ਿੰਦਗੀ।

ਗੁੰਮਿਆ ਰਹਿੰਦਾ ਕਦੇ ਨਾ ਰਾਤ ਦਿਨ ਸ਼ੇਅਰਾਂ 'ਚ "ਦੀਪ",
ਜਾਣਦਾ ਜੇ ਬੀਤਦੀ ਇਉਂ, ਸ਼ਾਇਰਾਂ ਦੀ ਜ਼ਿੰਦਗੀ।

## (ਬਹੱਤਰ)

ਮੈਨੂੰ ਮੇਰੇ ਇਕਲਾਪੇ ਦਾ ਕਹਿਣਾ ਹੈ।
ਕਬਰੀਂ ਵਸਣਾ ਚੰਗਾ, ਜੇ ਚੁੱਪ ਰਹਿਣਾ ਹੈ।

ਦਿਲ 'ਚੋਂ ਕਢ੍ਹ ਦੇ ਕੀਚਰ ਕੀਚਰ ਹੋਣ ਦਾ ਡਰ,
ਪਥਰਾਂ ਦੀ ਇਸ ਨਗਰੀ ਵਿਚ ਜੇ ਰਹਿਣਾ ਹੈ।

ਲੰਘ ਚੱਲੇ ਹਾਂ ਆਪਾਂ ਤਾਂ ਖ਼ੁਸ਼ਬੋਈ ਵਾਂਗ,
ਆਖ ਲਵੇ ਜੋ ਇਸ ਦੁਨੀਆਂ ਨੇ ਕਹਿਣਾ ਹੈ।

ਕਦ ਤਕ ਸੁੱਕੇ ਰੇਤੇ ਵਾਂਗੂੰ ਉੱਡਾਂਗਾ,
ਆਖ਼ਿਰ ਤਾਂ ਮੈਂ ਦਰਿਆ ਬਣ ਕੇ ਵਹਿਣਾ ਹੈ।

"ਦੀਪ" ਗ਼ਜ਼ਲ ਦਾ ਸਾਥ ਨ ਛੱਡੀਂ ਆਖ਼ਿਰ ਤਕ,
ਤੇਰੀ ਰੂਹ ਦਾ ਏਹੋ ਤਾਂ ਇਕ ਗਹਿਣਾ ਹੈ।

## (ਤਿਹੱਤਰ)

ਹਾਲਾਤ ਇਓਂ ਭੀ ਹੁੰਦੇ ਨੇ ਬਦਤਰ ਕਦੇ ਕਦੇ।
ਭੁੱਖੇ ਨੂੰ ਜਾਣਾ ਪੈਂਦਾ ਏ ਦਰ ਦਰ ਕਦੇ ਕਦੇ।

ਲੱਥੇ ਹੋਏ ਲੰਗਾਰ ਨੂੰ ਬਖ਼ਸ਼ੇ ਨਵਾਂ ਹੀ ਰੂਪ,
ਘਰ ਵਿਚ ਪਈ, ਬਚੀ - ਖੁਚੀ ਕਾਤਰ ਕਦੇ ਕਦੇ।

ਮਿਲਦੇ ਸੀ ਪਹਿਲਾਂ ਆਪ, ਮਗਰ ਭੇਜਦੇ ਨੇ ਹੁਣ,
ਹੰਝੂਆਂ ਦੇ ਨਾਲ ਭਿੱਜਿਆ ਪੱਤਰ ਕਦੇ ਕਦੇ।

ਗੱਲ ਦਿਲ ਦੀ ਦਿਲ 'ਚ ਰਹਿ ਗਈ, ਆਖ਼ਿਰ ਇਸੇ ਲਈ,
ਜਜ਼ਬੇ ਦਾ ਸਾਥ ਦੇਂਦੇ ਨਾ ਅੱਖਰ ਕਦੇ ਕਦੇ।

ਮਿਲਦੇ ਸਾਂ ਜਿੱਥੇ ਰੋਜ਼ ਹੀ ਕਰਦੇ ਸਾਂ ਦਿਲ ਦੀ ਗੱਲ,
ਆਉਂਦੀ ਹੈ ਹੁਣ ਵੀ ਯਾਦ ਉਹ ਨੁੱਕਰ ਕਦੇ ਕਦੇ।

ਦੁਸ਼ਮਣ ਦੇ ਸੀਨੇ ਵਿਚ ਵੀ ਤਾਂ ਧੜਕਦਾ ਹੈ ਦਿਲ,
ਚਾਹੁੰਦਾ ਹੈ ਉਹ ਵੀ ਦੋਸਤੀ, ਐਪਰ ਕਦੇ ਕਦੇ।

ਕਲ ਤਕ ਸੀ ਜਿਸ ਨੂੰ ਹਰ ਸਮੇਂ ਮੁਰਗ਼ਾਬੀਆਂ ਦੀ ਭਾਲ,
ਅਜ-ਕਲ ਉਹ ਲਗਦੈ ਆਪ ਹੀ ਤਿੱਤਰ ਕਦੇ ਕਦੇ।

ਦੋ ਚਾਰ ਸ਼ੇਅਰ "ਦੀਪ" ਤੂੰ ਬੇਸ਼ੱਕ ਸੁਣਾ ਲੈ ਹੋਰ,
ਹੁੰਦੇ ਨੇ ਐਨੇ ਯਾਰ ਇਕੱਤਰ ਕਦੇ ਕਦੇ।

(ਚੁਹੱਤਰ)

ਓਸੇ ਹੀ ਘਰ ਵਿੱਚੋਂ ਆਵੇ, ਕਿਉਂ ਰਾਵਣ ਦੀ ਬਾਸ।
ਜਿਹੜੇ ਘਰ ਦੇ ਮੱਥੇ ਉੱਤੇ, ਲਿਖਿਐ "ਰਾਮ ਨਿਵਾਸ"।

ਸੱਤ-ਬਿਗਾਨੇ ਲੋਕਾਂ ਵਿਚ, ਤੇ ਅਪਣੇ ਘਰ ਤੋਂ ਦੂਰ,
ਕੋਈ ਕਿਸੇ ਮਜਬੂਰੀ ਵੱਸ ਹੀ ਕਰਦਾ ਹੈ ਪਰਵਾਸ।

ਜਦ ਤਕ ਦਿਲ ਨੂੰ ਠੇਸ ਨ ਪੁੱਜੇ, 'ਢੋਲਾ' ਵਿਸਰੇ ਨਾ,
ਕੋਈ ਟੁੱਟੇ ਦਿਲ ਵਾਲਾ ਹੀ, ਗਾਉਂਦੈ ਗੀਤ ਉਦਾਸ।

ਭੁੱਖੇ ਪੇਟ ਨੂੰ ਸੁੱਕੀ ਰੋਟੀ ਵੀ ਲਗਦੀ ਹੈ ਕੇਕ,
ਆਵੇ ਨਾ ਇਤਬਾਰ ਤਾਂ ਕਰਕੇ ਵੇਖ ਕਦੀ ਅਭਿਆਸ।

ਹਰਿਆਵਲ ਨੇ ਸਾਡੇ ਤੇ ਵੀ, ਗਿਠ ਗਿਠ ਹੋਣਾ ਸੀ,
ਜੇ ਨਾ ਸਾਡੇ ਹਿੱਸੇ ਆਉਂਦੀ, ਮਾਰੂਥਲ ਦੀ ਪਿਆਸ।

ਇਕ ਦਮ ਅਪਣਾ ਜਾਲ ਵਿਛਾਇਆ ਮੌਤ ਨੇ ਸਾਡੇ ਗਿਰਦ,
ਜਿਉਂ ਹੀ ਜਿਊਂਦੇ ਹੋਣ ਦਾ ਸਾਨੂੰ, ਹੋਇਆ ਕੁਝ ਅਹਿਸਾਸ।

ਕਿਸ ਹਾਕਮ ਨੇ ਸੱਚਿਆਂ ਤਾਂਈ, ਫਾਹੇ ਟੰਗਿਆ ਨਾ,
ਕਿਸ ਹਾਕਮ ਦੇ ਕੋਲੋਂ ਅੱਜ ਤਕ, ਹੋਇਆ ਸੱਚ ਦਾ ਨਾਸ?

ਹਸ ਕੇ ਇਕ ਧਨਵਾਨ ਨੇ ਮੈਨੂੰ, ਕਿਉਂ ਆਖੀ ਇਹ ਗੱਲ,
ਖ਼ੁਸ਼ਹਾਲੀ ਨੂੰ ਤਰਸ ਰਹੇ ਨੇ, ਜੋ ਨਈਂ ਸਾਡੇ 'ਦਾਸ'।

ਜੋਕਾਂ ਵਾਂਗੂੰ ਪੀਂਦੇ ਵੇਖੇ, ਉਹ ਬੰਦਿਆਂ ਦਾ ਖ਼ੂਨ,
ਜੋ ਕਹਿੰਦੇ ਸੀ- "ਸਹੁੰ ਧਰਮ ਦੀ, ਅਸੀਂ ਨਈਂ ਖਾਂਦੇ ਮਾਸ।"

ਕਿਸੇ ਨ ਤਕਿਆ ਸਾਡੀ ਹਿਕ ਵਿਚ, ਕੀਚਰ ਕੀਚਰ ਦਿਲ,
ਸਭ ਨੇ ਸੁਣਿਆ ਸਾਡਾ ਹਾਸਾ, ਤਕਿਆ ਸ਼ੋਖ਼-ਲਿਬਾਸ।

"ਦੀਪ" ਗ਼ਜ਼ਲ ਦਾ ਕੀ ਫ਼ਾਇਦਾ ਹੈ, ਕੀ ਗੀਤਾਂ ਦੀ ਮੌਜ,
ਜੇ ਨਈਂ ਭੁੱਖੇ ਢਿੱਡਾਂ ਤਾਈਂ, ਰੋਟੀ ਦੀ ਕੋਈ ਆਸ।

## (ਪਝੱਤਰ)

ਖੋਭ ਕੇ ਖ਼ੰਜਰ ਮਿਰਾ ਪੁਛਦੇ ਨੇ ਹਾਲ।
ਯਾਰ ਮੇਰਾ ਰਖਦੇ ਨੇ ਕਿੰਨਾਂ ਖ਼ਿਆਲ।

ਚਿਹਰਿਆਂ ਦੀ ਨਾਜ਼ੁਕੀ ਤੋਂ ਇਹ ਨ ਸੋਚ,
ਮਨ 'ਚ ਸਭ ਦੇ ਹੋਣਗੇ ਨਾਜ਼ੁਕ ਖ਼ਿਆਲ।

ਗ਼ੈਰ ਸਨ, ਕੁਝ ਸੋਚ ਕੇ 'ਝਟਕਾ' ਗਏ,
ਅਪਣਿਆਂ ਤਾਂ ਮੈਨੂੰ ਕਰਨਾ ਸੀ 'ਹਲਾਲ'।

ਕੋਈ ਵੀ ਸ਼ੈਅ ਹੁਸਨ ਤੋਂ ਵਾਂਝੀ ਨਹੀਂ,
ਦੇਖ ਸਜਣਾ, ਦੇਖ! ਕੁਦਰਤ ਦਾ ਕਮਾਲ।

ਜਗਦੇ ਦੀਵੇ "ਦੀਪ" ਇਉਂ ਪਧਰੇ ਨ ਰਖ,
ਨ੍ਹੇਰ ਪੈ ਜਾਵੇਗਾ ਇਕ ਬੁੱਲੇ ਦੇ ਨਾਲ।

## (ਛਿੱਤਰ)

ਤਨ ਦਾ ਨਿਖ਼ਾਰ ਦੇਖ ਨਾ, ਮਨ ਦਾ ਨਿਖ਼ਾਰ ਦੇਖ!
ਨੈਣਾਂ 'ਚ ਪਾਕੇ ਨੈਣ, ਜ਼ਰਾ ਆਰ-ਪਾਰ ਦੇਖ!

ਲੱਖ ਵਾਰ ਆਖ 'ਬੇਵਫ਼ਾ', ਰੋਸਾ ਨਹੀਂ ਹੈ ਪਰ,
ਅਪਣੇ ਵੀ ਦਿਲ 'ਚ ਤੂੰ ਜ਼ਰਾ ਕੂ ਝਾਤ ਮਾਰ, ਦੇਖ!

ਕਲ੍ਹ ਤਕ ਜਿਨ੍ਹਾਂ ਦੀ ਸ਼ਾਨ ਤੋਂ, ਸਦਕੇ ਜਹਾਨ ਸੀ,
ਅਜ ਆਮ ਹੋ ਕੇ ਰਹਿ ਗਏ ਸਭ ਤਾਜਦਾਰ, ਦੇਖ!

ਪੱਥਰ ਵੀ ਰਖਦੇ ਅੱਗ ਨੇ, ਸੀਨੇ 'ਚ ਆਪਣੇ,
ਪੱਥਰ ਤੇ ਕੋਈ ਦੂਸਰਾ, ਪੱਥਰ ਤਾਂ ਮਾਰ ਦੇਖ!

ਅਪਣੇ ਲਹੂ 'ਚ ਡੁੱਬ ਕੇ, ਉਸ ਜੋ ਲਿਖੇ ਸੀ ਸ਼ੇਅਰ,
ਅਜ ਬਣ ਗਏ ਨੇ ਓਸ ਦੀ, ਉਹ ਯਾਦਗਾਰ, ਦੇਖ!

ਪੱਥਰ ਵੀ ਜੱਗ ਨੇ ਪੂਜਿਆ, ਰਬ ਦੇ ਸਮਾਨ ਹੀ,
ਰਬ ਦੇ ਹੀ ਸ਼ਾਹਕਾਰ ਦਾ, ਇਹ ਸ਼ਾਹਕਾਰ ਦੇਖ!

ਅਪਣੇ ਤੋਂ ਵਧ ਕੇ ਮਾਣ ਸੀ, ਤੈਨੂੰ ਜਿਨ੍ਹਾਂ ਤੇ "ਦੀਪ",
ਓਹ ਜਾ ਰਹੇ ਨੇ ਯਾਰ ਤੇਰੇ, ਦੇਖ ਯਾਰ, ਦੇਖ!

(ਸਤੱਤਰ)

ਕਰਨੀਆਂ ਹਨ ਕੀ ਕਿਸੇ ਖ਼ਰਮਸਤੀਆਂ।
ਸਿਰ ਨ ਚੁੱਕਣ ਦੇਂਦੀਆਂ ਤੰਗ-ਦਸਤੀਆਂ।

ਮਹਿਲ ਦੇਖੇ ਹਨ ਅਸਾਂ ਖੰਡਰ ਬਣੇ,
ਖੰਡਰਾਂ ਵਿਚ ਵੇਖੀਆਂ ਹਨ ਬਸਤੀਆਂ।

ਮਿੱਟੀ ਤੱਕ ਦੇ ਭਾਅ ਚੜ੍ਹੇ ਅਸਮਾਨ ਤੇ,
ਪਰ ਮਨੁੱਖੀ ਜਾਨਾਂ ਦਿੱਸਣ ਸਸਤੀਆਂ।

ਜ਼ਿੰਦਗੀ ਵਿਚ ਆਉਣਗੇ ਉਹ ਪਲ਼ ਕਦੋਂ,
ਹੋਣੀਆਂ ਜਦ ਮਸਤੀਆਂ ਹੀ ਮਸਤੀਆਂ।

"ਦੀਪ" ਮਿੱਟੀ ਹੋ ਗਿਐ ਤਾਂ ਹੋਇਆ ਕੀ,
ਮਿੱਟੀ ਹੁੰਦੀਆਂ ਆਈਆਂ ਨੇ ਸਭ ਹਸਤੀਆਂ।

(ਅਠੱਤਰ)

ਉਹ ਕਹਿੰਦੇ ਹਨ ਕਿ ਤੌਬਾ ਕਰ, ਮੈਂ ਤੌਬਾ ਕਰ ਨਹੀਂ ਸਕਦਾ।
ਕਿ ਹੱਕ ਹੈ ਜੀਣ ਦਾ ਮੈਨੂੰ, ਮੈਂ ਜੀਂਦਾ ਮਰ ਨਹੀਂ ਸਕਦਾ।

ਜੇ ਹੋਵੇ ਹੌਂਸਲਾ ਬੰਦੇ 'ਚ ਪਰਬਤ ਚੀਰ ਸਕਦਾ ਹੈ,
ਨਹੀਂ ਤਾਂ ਇਹ ਕਦੇ ਵੀ ਪੈਰ ਅੱਗੇ ਧਰ ਨਹੀਂ ਸਕਦਾ।

ਉਹ ਮਰਨੋਂ ਬਚ ਨਹੀਂ ਸਕਦਾ, ਕਿਸੇ ਕੁੰਦਰ 'ਚ ਛੁਪ ਕੇ ਵੀ,
ਸਰੇ-ਮੈਦਾਨ ਜਿਹੜਾ ਸਿਰ ਤਲੀ ਤੇ ਧਰ ਨਹੀਂ ਸਕਦਾ।

ਖਿੜੇ ਗੁਸ਼ਲਨ 'ਚ ਜ਼ੋਰਾਵਰ ਕਿਵੇਂ ਕਮਜ਼ੋਰ ਹੈ, ਦੇਖੋ!
ਕਿ ਖ਼ੁਸ਼ਬੂ ਕੋਲ ਹੁੰਦਿਆਂ ਵੀ, ਕਲਾਵਾ ਭਰ ਨਹੀਂ ਸਕਦਾ।

ਥਪੇੜੇ ਸਹਿ ਕੇ ਲਹਿਰਾਂ ਦੇ, ਉਹ ਪੱਥਰ ਬਣ ਗਿਐ ਗੀਟਾ,
ਜੋ ਹਿਕ ਥਾਪੜ ਕੇ ਕਹਿੰਦਾ ਸੀ, ਰਤਾ ਵੀ ਖ਼ਰ ਨਹੀਂ ਸਕਦਾ।

ਨ ਸਮਝੋ ਮੈਨੂੰ ਇਕ ਜੁਗਨੂੰ, ਜੋ ਫੜ ਕੇ ਮਸਲ ਸੁੱਟੋਗੇ,
ਮੈ ਸਗਵਾਂ ਦਹਿਕਦਾ ਸੂਰਜ, ਕਦੇ ਵੀ ਠਰ ਨਹੀਂ ਸਕਦਾ।

ਮੁਹੱਬਤ ਨਾਲ ਕੋਈ ਜਾਨ ਮੰਗੇ, ਕਰ ਦਿਆਂ ਹਾਜ਼ਿਰ,
ਕਿਸੇ ਦਾ ਜ਼ੋਰ ਜਾਂ ਧੱਕਾ, ਮੈਂ ਬਿਲਕੁਲ ਜਰ ਨਹੀਂ ਸਕਦਾ।

ਕਿਸੇ ਵੀ ਡਰ ਦੇ ਸਾਏ ਵਿੱਚ, ਮਨ ਦੀ ਮੌਜ ਨਹੁੀਂ ਹੁੰਦੀ,
ਮਨਾਉਂਦੈ ਮੌਜ ਮਨ ਦੀ ਉਹ, ਕਿ ਜਿਹੜਾ ਡਰ ਨਹੀਂ ਸਕਦਾ।

ਜ਼ਰਾ ਦੇਖੋ ਕਿਵੇਂ ਤਕਦੇ ਨੇ ਹੁਣ ਬੇਚਾਰਿਆਂ ਵਾਂਗੂੰ,
ਜੋ ਕਹਿੰਦੇ ਸਨ- "ਅਸਾਡੇ ਬਿਨ ਤੁਹਾਡਾ ਸਰ ਨਹੀਂ ਸਕਦਾ।

ਉਹ ਉਂਗਲਾਂ ਮੂੰਹ 'ਚ ਪਾਉਂਦੇ ਨੇ ਜੋ ਦਾਅਵੇ ਨਾਲ ਕਹਿੰਦੇ ਸੀ,
ਅਸਾਂ ਨੇ ਡੋਬ ਦਿੱਤੈ "ਦੀਪ", ਹੁਣ ਇਹ ਤਰ ਨਹੀਂ ਸਕਦਾ।

## (ਉਨਾਸੀ)

ਜੇ ਸੱਜਣ ਸਾਮ੍ਹਣੇ ਹੋਵੇ, ਖ਼ਸਾਰਾ ਹੋ ਨਹੀਂ ਸਕਦਾ।
ਮਗਰ ਅਪਣੀ ਨਜ਼ਰ ਬਾਝੋਂ ਨਜ਼ਾਰਾ ਹੋ ਨਹੀਂ ਸਕਦਾ।

ਮੈਂ ਬੇੜੀ ਆਪਣੀ ਆਪੇ ਲਿਆਇਆ ਹਾਂ ਭੰਵਰ ਤੀਕਰ,
ਇਹ ਐਸੀ ਥਾਂ ਹੈ, ਜਿਸ ਥਾਂ ਤੋਂ ਕਿਨਾਰਾ ਹੋ ਨਹੀਂ ਸਕਦਾ।

ਕਿਵੇਂ ਆਖਾਂ ਕਿ ਤੂੰ ਵਸਦਾ ਏਂ ਕੇਵਲ ਝੁੱਗੀਆਂ ਵਿਚ ਹੀ,
ਤੇਰਾ ਘਰ ਕਿਉਂ ਕੋਈ ਉੱਚਾ ਚੁਬਾਰਾ ਹੋ ਨਹੀਂ ਸਕਦਾ।

ਮੈਂ ਸ਼ੀਸ਼ੇ ਵਾਂਗ ਟੁਟ ਕੇ ਬਿਖਰ ਜਾਵਾਂ, ਇਹ ਤਾਂ ਹੋ ਸਕਦੈ,
ਮਗਰ ਮੈਂ ਖ਼ਾਬ ਵਿਚ ਵੀ ਪਾਰਾ ਪਾਰਾ ਹੋ ਨਹੀਂ ਸਕਦਾ।

ਜੇ ਤੇਰੀ ਜ਼ੁਲਫ਼ ਤੇਰੇ ਤੋਂ ਸੰਭਾਲੀ ਰਹਿ ਨਹੀਂ ਸਕਦੀ,
ਕਿਵੇਂ ਮੁਮਕਿਨ ਹੈ, ਮੇਰਾ ਦਿਲ ਅਵਾਰਾ ਹੋ ਨਹੀਂ ਸਕਦਾ।

ਜਿਦ੍ਹੇ ਚਿਹਰੇ ਤੇ ਇਕ ਸੰਜਮ ਜਿਹੀ ਮੁਸਕਾਨ ਰਹਿੰਦੀ ਹੈ,
ਕੀ ਉਸ ਦੇ ਮਨ 'ਚ ਸੋਚਾਂ ਦਾ ਖਿਲਾਰਾ ਹੋ ਨਹੀਂ ਸਕਦਾ?

ਸਮੇਂ ਦੀ ਮਾਰ ਖਾਧੀ ਹੈ ਮੈਂ ਅਪਣੇ ਦਿਲ ਤੇ ਹਸ ਹਸ ਕੇ,
ਇਹ ਮੇਰਾ ਦਿਲ ਹੈ, ਮੇਰਾ ਦਿਲ ਵਿਚਾਰਾ ਹੋ ਨਹੀਂ ਸਕਦਾ।

ਤੇਰਾ ਚਿਹਰਾ ਅਨੇਕਾਂ ਚਿਹਰਿਆਂ 'ਚੋਂ ਦੇਖਿਆ ਹੈ ਪਰ,
ਕੋਈ ਵੀ ਹੂ-ਬ-ਹੂ ਤੇਰਾ ਉਤਾਰਾ ਹੋ ਨਹੀਂ ਸਕਦਾ।

ਕੋਈ ਤੈਨੂੰ ਕਹੇ ਫ਼ੱਕਰ', ਕੋਈ ਤੈਨੂੰ ਕਹੇ 'ਸਾਹਿਬ',
ਮਗਰ ਦੁਖ-ਸੁਖ 'ਚ ਤੂੰ ਸਾਡੇ ਤੋਂ ਨਿਆਰਾ ਹੋ ਨਹੀਂ ਸਕਦਾ।

ਨਕਾਰੀ ਸੋਚ ਜੇ ਹਾਵੀ ਨਹੀਂ ਮਨ ਤੇ, ਤਾਂ ਸਚ ਜਾਣੋ,
ਨਕਾਰੇ ਤੋਂ ਨਕਾਰਾ ਵੀ ਨਕਾਰਾ ਹੋ ਨਹੀਂ ਸਕਦਾ ।

ਜੋ ਚਾਨਣ ਦੇ ਪੁਜਾਰੀ ਹਨ, ਉਨ੍ਹਾਂ ਨੂੰ ਲੋੜ ਹੈ ਤੇਰੀ,
ਤੇਰੇ ਬਿਨ "ਦੀਪ", ਉਹਨਾਂ ਦਾ ਗੁਜ਼ਾਰਾ ਹੋ ਨਹੀਂ ਸਕਦਾ।

(ਅੱਸੀ)

ਉਹ ਜਦੋਂ ਅੰਗ-ਸੰਗ ਹੁੰਦੇ ਨੇ।
ਸਾਡੇ ਵੀ ਰੰਗ-ਢੰਗ ਹੁੰਦੇ ਨੇ।

ਸੱਚ ਬੋਲਣ ਦਾ ਹੀਆ ਕੌਣ ਕਰੇ,
ਸੱਚੇ ਸੂਲੀ ਤੇ ਟੰਗ ਹੁੰਦੇ ਨੇ।

ਆ ਕਿਤੇ ਉਹਲੇ ਬੈਠੀਏ ਆਪਾਂ,
ਦੇਖ ਕੇ ਲੋਕ ਤੰਗ ਹੁੰਦੇ ਨੇ।

ਹੱਦ ਬੰਨੇ ਨ ਪਾ ਗੁਜ਼ਾਰਿਸ਼ ਹੈ,
ਹੱਦ ਬੰਨਿਆਂ ਤੋਂ ਜੰਗ ਹੁੰਦੇ ਨੇ।

ਵੇਖੀਂ ਸ਼ਾਇਰ ਨੂੰ ਦਿਲ ਨ ਦੇ ਬੈਠੀਂ,
ਸੁਣਿਐਂ ਸ਼ਾਇਰ ਮਲੰਗ ਹੁੰਦੇ ਨੇ।

ਕੋਈ ਵੀ ਹੱਕ ਉਨ੍ਹਾਂ ਤੇ ਕਰ ਸਕਦੈ,
ਜਿਹੜੇ ਕੱਟੀ ਪਤੰਗ ਹੁੰਦੇ ਨੇ।

"ਦੀਪ" ਦੀਵੇ ਨਕਾਰੀਏ ਨ ਕਦੇ,
ਇਹ ਵੀ ਚਾਨਣ ਦਾ ਅੰਗ ਹੁੰਦੇ ਨੇ।

## (ਇਕਿਆਸੀ)

ਕਿਸ ਦੀ ਨੀਯਤ ਖ਼ਰਾਬ ਹੈ ਅਜ-ਕਲ।
ਉਸਦੇ ਮੁਖ ਤੇ ਨਕਾਬ ਹੈ ਅਜ-ਕਲ।

ਝੋਲੀ ਚੁਕਦਾ ਹੈ ਹੁਣ ਉਹ ਸ਼ਾਹਾਂ ਦੀ,
ਉਹ ਬੜਾ ਕਾਮਯਾਬ ਹੈ ਅਜ-ਕਲ।

ਉਸ ਨੂੰ ਭਾਉਂਦੇ ਨੇ ਲੋਕ ਚਾਂਦੀ ਦੇ,
ਸਾਨੂੰ ਕੋਰਾ ਜਵਾਬ ਅਜ-ਕਲ।

ਦਿਲ, ਮੁਹੱਬਤ ਤੇ ਸਾਂਝ ਹੈ ਉੱਥੇ,
ਜਿੱਥੇ ਮਿਲਦੀ ਸ਼ਰਾਬ ਹੈ ਅਜ-ਕਲ।

ਘੁੜ - ਸਵਾਰੀ ਦਾ ਸ਼ੌਕ ਸੀ ਜਿਸ ਨੂੰ,
ਕਿਉਂ ਉਹ ਬਣਿਆ ਰਕਾਬ ਹੈ ਅਜ-ਕਲ।

ਤੂੰ ਝਨ੍ਹਾਂ ਪਾਰ ਕਰਕੇ ਆ ਤਾਂ ਸਹੀ,
ਮੇਰਾ ਲੂੰ ਲੂੰ ਕਬਾਬ ਹੈ ਅਜ-ਕਲ।

ਉਹ ਕਿਸੇ ਨੂੰ ਵੀ ਭੇਟ ਹੋ ਸਕਦੈ,
ਉਹ ਤਾਂ ਟੁਟਿਆ ਗ਼ੁਲਾਬ ਹੈ ਅਜ-ਕਲ।

''ਦੀਪ'' ਝੱਲਾ ਹੈ, ਆਖਦਾ ਫਿਰਦੈ,
ਉਹ ਵੀ ਇਕ ਆਫ਼ਤਾਬ ਹੈ ਅਜ-ਕਲ।

(ਬਿਆਸੀ)

ਹਨੇਰੇ ਸੰਗ ਹਵਾ ਦਾ ਰਿਸ਼ਤਾ ਜੇ ਬਣਿਆ ਨ ਹੁੰਦਾ।
ਜੋ ਦੀਵਾ ਰੌਸ਼ਨੀ ਵੰਡਦਾ ਸੀ, ਉਹ ਬੁਝਿਆ ਨ ਹੁੰਦਾ।

''ਸਮਾਂ ਪਾ ਕੇ ਸਭੇ ਝੁਕਦੇ ਨੇ'', ਹੁੰਦਾ ਝੂਠ ਜੇ ਕਰ,
ਤਾਂ ਦਿਸ-ਹੱਦੇ ਤੇ ਅੰਬਰ ਧਰਤ ਵੱਲ ਝੁਕਿਆ ਨ ਹੁੰਦਾ।

ਹਮੇਸ਼ਾਂ ਗ਼ਮ ਦੀ ਕੁੱਖੋਂ ਹੀ ਖ਼ੁਸ਼ੀ ਦਾ ਜਨਮ ਹੁੰਦੈ,
ਇਹ ਕਿਸ ਮੰਨਣਾ ਸੀ, ਜੇ ਕੰਡਿਆਂ 'ਚ ਫੁੱਲ ਖਿੜਿਆ ਨ ਹੁੰਦਾ।

ਨ ਦਿੰਦਾ ਕੋਈ ਅਪਣਾ ਦਿਲ ਕਿਸੇ ਵੀ ਅਜਨਬੀ ਨੂੰ,
ਜੇ ਰਿਸ਼ਤਾ ਪਿਆਰ ਦਾ ਵਿਸ਼ਵਾਸ਼ ਤੇ ਟਿਕਿਆ ਨ ਹੁੰਦਾ।

ਅਜੇ ਤਕ ਵਕਤ ਨੇ ਪਾਇਆ ਨਹੀਂ ਉਸਨੂੰ ਕੁਠਾਲੀ,
ਕੁਠਾਲੀ ਪੈ ਗਿਆ ਹੁੰਦਾ ਤਾਂ ਕੀ ਢਲਿਆ ਨ ਹੁੰਦਾ।

ਉਨ੍ਹੇ ਵੀ ਸਮਝਣਾ ਸੀ ਐਵੇਂ ਚੁਟਕੀ ਭਰ ਟਟਹਿਣਾ,
ਉਹ ਬਲਦੀ ਅੱਗ ਤੋਂ ਜੇ ਕਰ ਕਿਤੇ ਡਰਿਆ ਨ ਹੁੰਦਾ।

ਕਦੇ ਨਾ ਠਿੱਲ੍ਹਦੀ ਕੱਚੇ ਤੇ ਸੋਹਣੀ, ਪਰਤ ਜਾਂਦੀ,
ਜੇ ਉਸ ਦਾ ਹੌਂਸਲਾ ਵੱਡਾ ਤੇ ਦਿਲ ਦਰਿਆ ਨ ਹੁੰਦਾ।

ਤਲੀ ਤੇ ਸਿਰ ਟਿਕਾਈ ਜਿਸ ਤਰ੍ਹਾਂ ਸਾਰੇ ਖੜੇ ਸਨ,
ਬ-ਜ਼ਾਹਿਰ ਉਹ ਵੀ ਖੜ੍ਹਦਾ , ਜੇ ਕਿਤੇ ਵਿਕਿਆ ਨ ਹੁੰਦਾ।

ਪਤਾ ਨਹੀਂ ਕਿੰਨੀਆਂ ਕੁ ਬਰਸੀਆਂ ਲੰਘ ਜਾਣੀਆਂ ਸਨ,
ਨਿਸ਼ਾਨਾ ਜੀਣ ਦਾ ਜੇ ''ਦੀਪ'' ਨੇ ਮਿਥਿਆ ਨ ਹੁੰਦਾ।

## ਕੁਝ ਸ਼ੇਅਰ ਹੋਰ

ਜੋਸ਼ ਆਉਂਦੈ ਤਾਂ ਲਹੂ ਚੜ੍ਹਦੈ ਸਿਰ ਵੱਲ ਨੂੰ,
ਹਰ ਬਹਾਓ ਲਈ ਨੀਵਾਨ ਜ਼ਰੂਰੀ ਤਾਂ ਨਹੀਂ।

ਆਜ਼ਾਦੀ ਦਾ ਆਸ਼ਿਕ ਜਦ ਸ਼ਾਸਕ ਬਣ ਜਾਂਦੈ "ਦੀਪ",
ਕਿਉਂ ਉਸ ਨੂੰ ਆਜ਼ਾਦੀ ਦੀ ਮੰਗ, ਲਗਦੀ ਏ ਵਿਦਰੋਹ ?

ਲਿਸ਼ਕਦੀ ਮੁੜ ਮੁੜ ਕੇ ਬਿਜਲੀ ਦੇਖਦੀ ਹੈ ਬਾਰ ਬਾਰ,
ਆਲ੍ਹਣੇ ਗੁਲਸ਼ਨ 'ਚ ਕਿੰਨੇ ਰਹਿ ਗਏ, ਕਿੰਨੇ ਸੜੇ ?

ਆਖਦੇ ਨੇ ਲੋਕ, "ਸੂਰਜ ਚੜ੍ਹ ਗਿਐ, ਹੋਈ ਸਵੇਰ",
ਕਿੰਝ ਮੰਨਾ, ਚਾਨਣਾ ਜਦ ਤਕ ਨਾ ਮੇਰੇ ਘਰ ਵੜੇ।

ਵੇਖਿਆ ? ਸਾਕੀ ਵੀ ਅਜ ਕਲ ਹੋ ਗਿਆ ਨੇਤਾ ਦੇ ਵਾਂਗ,
ਦੇਖ ਕੇ ਬੰਦਾ-ਕੁਬੰਦਾ ਜਾਮ ਵਰਤਾਉਂਦਾ ਰਿਹਾ।

ਪਿਆਰ ਇਕ ਜਜ਼ਬਾ, ਦਿਲੀ-ਅਹਿਸਾਸ ਹੈ,
ਵੇਗ ਇਸ ਦਾ ਸਾਂਭਿਆ ਰਹਿੰਦਾ ਨਹੀਂ।

ਮੇਰੇ ਤੇ ਹੁਸਨ ਸੀ, ਜਿਨੂੰ ਨਜ਼ਰਾਂ ਨੇ ਖਾ ਲਿਆ,
ਤੇਰੇ ਤੇ ਹੁਸਨ ਦੇਖਦਾਂ, ਨਜ਼ਰਾਂ ਨੂੰ ਖਾ ਰਿਹੈ।

ਕਿਸਮਤ ਕਿ ਤੀਰ ਸਾਡੇ, ਚੱਲੇ ਨ ਤੀਰ ਬਣ ਕੇ,
ਪਰ ਤੀਰ ਬਣ ਕੇ ਤੇਰੇ, ਤੁੱਕੇ ਵੀ ਚਲ ਗਏ ਹਨ।

ਇਵੇਂ ਵੀ, ਉਵੇਂ ਵੀ ਬੱਕਰੇ ਦੀ ਜਾਨ ਜਾਣੀ ਹੈ,
ਕਿਸੇ ਦੀ ਸੋਚ ਵਿਚ ਝਟਕਾ ਬਣੇ, ਹਲਾਲ ਬਣੇ।

ਕੋਈ ਖ਼ੂਨ ਪੀ ਕੇ ਵੀ ਸੋਫ਼ੀ ਰਿਹਾ,
ਉਹ ਕਿਉਂ ਨਾ ਗਿਆ ਲੜਖੜਾ ਸਾਕੀਆ ?

ਸਮਾਂ ਸੁਲਤਾਨ ਹੈ ਐ "ਦੀਪ", ਕੁਝ ਦਾ ਕੁਝ ਬਣਾ ਸਕਦੈ,
ਸਮੇਂ ਅੱਗੇ ਕੋਈ ਕਾਬਿਲ, ਕੋਈ ਜਾਹਿਲ ਨਹੀਂ ਹੁੰਦਾ ।



ਜੋ ਚਾਰ ਕੀ ਮਿੰਟਾਂ 'ਚ ਜਿਹੇ ਪੜ੍ਹ ਸਕੇ ਕੋਈ,
ਇਕ ਉਮਰ ਦੀ ਪੁਸਤਕ ਹਾਂ ਮੈਂ ਅਖ਼ਬਾਰ ਨਹੀਂ ਹਾਂ।

ਗੁਰਦੀਪ ਦੀਪ